# Prospectus
2022-23




SATHIALA

# Sri Guru Teg Bahadur College

SATHIALA, AMRITSAR
Mob.: 98155-17060 (Office) : 98883-16699, 98553-19252
osd.sathiala@gndu.ac.in



ੴ ਸਤਿਗੁਰ ਪ੍ਰਸਾਦਿ ॥

# College Shabad

ਦੇਹ ਸਿਵਾ ਬਰ ਮੋਹਿ ਇਹੈ ।
ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ ।
ਨਿਸਚੈ ਕਰ ਅਪਨੀ ਜੀਤ ਕਰੋਂ ॥
ਅਰੁ ਸਿਖ ਹੌਂ ਆਪਨੇ ਹੀ ਮਨ ਕੌ ।
ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ ।
ਅਤ ਹੀ ਰਨ ਮੈਤਬ ਜੂਝ ਮਰੋਂ ॥

*O Lord, bless me so that I may never abstain from doing good deeds. When I fight with the enemy in the battlefield, I should be absolutely fearless and determined for my victory. And I should have the desire to sing your praises only. O Lord, when I approach my end in life, may I breathe my last fighting in the battlefield.*

*- Sri Guru Gobind Singh Ji*

# ਦਾਖਲੇ ਸਬੰਧੀ ਨਿਯਮ

1. ਵਿਦਿਆਰਥੀ ਲਈ ਦਾਖ਼ਲੇ ਸਮੇਂ ਦਸਵੀਂ, ਬਾਰ੍ਹਵੀਂ ਅਤੇ ਹੇਠਲੀ ਕਲਾਸ ਦਾ ਨੰਬਰ ਕਾਰਡ **(D.M.C.)** (2 ਫੋਟੋ ਕਾਪੀਆਂ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ।
2. ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਇਲਾਵਾ ਦੂਜੇ ਬੋਰਡ ਤੋਂ ਆਏ ਵਿਦਿਆਰਥੀਆਂ ਲਈ ਅਸਲ ਮਾਈਗਰੇਸ਼ਨ ਸਰਟੀਫਿਕੇਟ ਅਤੇ ਅਸਲ ਡੀ.ਐਮ.ਸੀ ਕਾਰਡ (10ਵੀਂ ਅਤੇ ਬਾਰਵੀਂ ਕਲਾਸ) ਜਮ੍ਹਾਂ ਕਰਵਾਉਣਾ ਜ਼ਰੂਰੀ ਹੈ।
3. ਹਰ ਇੱਕ ਕੋਰਸ ਦੇ ਭਾਗ ਪਹਿਲਾ ਦੇ ਵਿਦਿਆਰਥੀ ਲਈ ਪਿਛਲੇ ਸਕੂਲ ਤੋਂ ਪ੍ਰਾਪਤ ਅਸਲ ਕਰੈਕਟਰ ਸਰਟੀਫਿਕੇਟ ਜ਼ਮ੍ਹਾਂ ਕਰਵਾਉਣਾ ਲਾਜ਼ਮੀ ਹੈ।
4. ਸੰਬੰਧਿਤ ਸਰਟੀਫਿਕੇਟ ਅਟੈਸਟੱਡ ਹੋਣੇ ਜ਼ਰੂਰੀ ਹਨ।
5. ਵਿਦਿਆਰਥੀ ਦੁਆਰਾ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੁਆਰਾ ਨਿਰਧਾਰਿਤ ਫਾਰਮ ਜਾਂ ਦਸਤਾਵੇਜ਼ ਤੇ ਗਲਤ ਜਾਣਕਾਰੀ ਦਿੱਤੇ ਜਾਣ ਤੇ ਉਸਦਾ ਦਾਖ਼ਲਾ ਰੱਦ ਕੀਤਾ ਜਾ ਸਕਦਾ ਹੈ।
6. ਵਿਦਿਆਰਥੀ ਦਾ ਨਤੀਜਾ ਲੇਟ ਹੋਣ ਦੀ ਸੂਰਤ ਵਿੱਚ ਦਾਖ਼ਲਾ, ਸੀਟ ਖਾਲੀ ਹੋਣ ਉੱਤੇ ਜਾਂ ਯੂਨੀਵਰਸਿਟੀ ਦੀ ਅਨੁਮਤੀ ਨਾਲ ਹੀ ਦਿੱਤਾ ਜਾਵੇਗਾ।
7. ਦਾਖਲੇ ਸਮੇਂ ਵਿਦਿਆਰਥੀ ਆਪਣੀਆਂ 08 ਅਸਲੀ ਪਾਸਪੋਰਟ ਸਾਈਜ਼ ਫੋਟੋਆ ਜਮ੍ਹਾਂ ਕਰਵਾਉਣ।
8. ਜਿੰਨ੍ਹਾਂ ਵਿਦਿਆਰਥੀਆਂ ਦਾ ਨਤੀਜਾ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਜਾਂ ਕਿਸੇ ਹੋਰ ਮਾਨਤਾ ਪ੍ਰਾਪਤ ਯੂਨੀਵਰਸਿਟੀ, ਬੋਰਡ ਵੱਲੋ ਲੇਟ ਘੋਸ਼ਿਤ ਕੀਤਾ ਜਾਂਦਾ ਹੈ। ਉਹ ਵਿਦਿਆਰਥੀ ਆਪਣੇ ਨਤੀਜੇ ਘੋਸ਼ਿਤ ਹੋਣ ਦੇ 12 **(Working Days (Including two transit day)** ਵਿੱਚ ਬਿਨਾਂ ਲੇਟ ਫੀਸ ਤੋਂ ਦਾਖਲਾ ਲੈ ਸਕਦੇ ਹਨ।
9. ਜਿਸ ਵਿਦਿਆਰਥੀ ਦਾ ਨਤੀਜਾ ਕਿਸੇ ਵੀ ਕਾਰਨ 'Later' ਘੋਸ਼ਿਤ ਕੀਤਾ ਜਾਂਦਾ ਹੈ ਉਸਨੂੰ ਅਗਲੀ ਕਲਾਸ ਵਿੱਚ **Provisionl Admission** ਦਿੱਤੀ ਜਾਵੇਗੀ ਅਤੇ ਜੇਕਰ ਉਸਦਾ ਨਤੀਜਾ ਫੇਲ ਘੋਸ਼ਿਤ ਕੀਤਾ ਜਾਂਦਾ ਹੈ ਤਾਂ **Provisional** ਦਾਖ਼ਲਾ ਰੱਦ ਕਰ ਦਿੱਤਾ ਜਾਵੇਗਾ ਅਤੇ ਉਸ ਨੂੰ ਮੁੜ ਪਿਛਲੀ ਕਲਾਸ ਵਿੱਚ ਦਾਖ਼ਲ ਕਰ ਦਿੱਤਾ ਜਾਵੇਗਾ ਅਤੇ ਉਸ ਦੁਆਰਾ ਦਿੱਤੀ ਗਈ ਫੀਸ ਪਿਛਲੀ ਕਲਾਸ ਦੀ ਫ਼ੀਸ ਵਿੱਚ ਤਬਦੀਲ ਹੋ ਜਾਵੇਗੀ ਅਤੇ ਜੇਕਰ ਉਹ ਪੜਾਈ ਵਿੱਚ ਹੀ ਛੱਡ ਜਾਂਦਾ ਹੈ ਤਾ ਉਸਦੀ ਫੀਸ ਵਾਪਿਸ ਨਹੀਂ ਹੋਵੇਗੀ। ਉਹ ਕਾਲਜ ਤੋਂ ਕਿਸੇ ਵੀ ਤਰ੍ਹਾਂ ਦਾ **Claim** ਨਹੀਂ ਲੈ ਸਕਦਾ।
10. ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਗੈ ਕਿ ਦਾਖ਼ਲੇ ਸਮੇਂ ਵਿਦਿਆਰਥੀਆਂ ਕੋਲ ਆਪਣੀ ਰਜਿਸਟਰਡ ਈ.ਮੇਲ. ਆਈ.ਡੀ. ਮੋਬਾਇਲ ਨੰਬਰ ਹੋਣਾ ਲਾਜ਼ਮੀ ਹੈ। ਇਸਦੀ ਲੋੜ ਵਿਦਿਆਰਥੀ ਦੀ ਆਨਲਾਈਨ ਦਾਖਲੇ ਸਮੇਂ ਪਵੇਗੀ।
11. **SC/ST/BC/Minority** ਵਿਦਿਆਰਥੀਆਂ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ. ਅੰਮਿਤਸਰ ਵੱਲੋਂ ਨਿਰਧਾਰਿਤ ਨਿਰਦੇਸ਼ਾ ਮੁਤਾਬਕ, ਸਬੰਧਿਤ Category ਦਾ ਸਰਟੀਫਿਕੇਟ, ਅਧਾਰ ਕਾਰਡ ਦੀ ਕਾਪੀ, Residence Certificate ਦੀ ਕਾਪੀ, ਜੇਕਰ ਪੜ੍ਹਾਈ ਵਿੱਚ ਗੈਪ ਹੈ ਤਾਂ ਉਸ ਸੰਬੰਧੀ Affidavit, ਜੇਕਰ ਪਿਤਾ ਦੀ ਮੌਤ ਹੋ ਚੁੱਕੀ ਹੈ ਤਾਂ ਪਿਤਾ ਦੀ ਮੌਤ ਦੇ ਸਰਟੀਫੇਕਟ ਦੀ ਕਾਪੀ, ਮਾਤਾ ਪਿਤਾ ਦੀ ਇਨਕਮ ਸਰਟ੍ਰੀਫਕੇਟ ਦੀ ਕਾਪੀ, ਪੜਾਈ ਦੇ ਲੋੜੀਂਦੇ ਦਸਤਾਵੇਜਾਂ ਸਮੇਤ ਜਮ੍ਹਾਂ ਕਰਵਾਉਣੀਆਂ ਜਰੂਰੀ ਹਨ।
12. ਜੇਕਰ ਕੋਈ **SC/ST/BC/ Minority** ਵਿਦਿਆਰਥੀ ਆਪਣੇ ਕਿਸੇ ਕਲਾਸ ਦੀਆਂ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚੋ ਫੇਲ ਹੋ ਜਾਂਦਾ ਹੈ ਤਾਂ ਇਸ ਸੂਰਤ ਵਿੱਚ ਵਿਦਿਆਰਥੀ ਨੂੰ ਮੁੜ ਤੋਂ ਉਸੇ ਸਾਲ/ਕਲਾਸ ਦੀ ਦੋਰਾਨ ਉਸ ਵਿਦਿਆਰਥੀ ਨੂੰ ਪੂਰਾ ਦਾਖ਼ਲਾ ਅਤੇ ਪ੍ਰੀਖਿਆ ਫੀਸ/ਫਾਈਨ ਭਰਨਾ ਪਵੇਗਾ।

## ADMISSION DATES

| Sr. No. | Date |
|---|---|
| 1. Without Late Fee | 31-08-2022 |
| 2. Late Fee 100/- Approval From Principal | 01-09-2022 to 08-09-2022 |
| 3. Late Fee 200/- Approval From Dean Academic Affair | 09-09-2022 to 16-09-2022 |
| 4. Late Fee 1000/- Approval From Vice-Chancellor | 17-09-2022 to 23-09-2022 |
| 5. Late Fee 5000/- Approval From Syndicate | 24-09-2022 to 01-10-2022 |



# *Message*

As the impact of the COVID-19 (coronavirus) pandemic continues to be felt extensively around the world the importance of education becomes all the more underlined. Education is an exclusive medium of progress. It offers the capability to recognize abilities and make us competent human beings, and enlightened citizens of this connected world. Higher education allows us to follow a career that interest and motivates us. It imparts us with requisite skills that open up doors to various opportunities for expansion. It not only gratifies our intellectual needs but also instills optimistic characteristics in us like veracity, confidence, unpretentiousness and diligence leading to an overall personality development.

I am pleased to note that Sri Guru Teg Bahadur College, Sathiala with its vision and all inclusive approach has always pledged for highest academic excellence and all around personality development of its students. The college has produced various gems in Academics, Sports and Co-Curricular activities. A large number of conferences various competitions, extension lectures, seminars and workshops are organized by the college. Such events provide a variety of experiences to the students and inculcate skills such as leadership and team spirit which are helpful in their career. The college is a multidisciplinary institute and with its state-of-the art infrastructure, well equipped laboratories, Library and dedicated faculty provides important learner centric programmes. Sri Guru Teg Bahadur College, Sathiala is working vigorously on giving its budding talents a new path and attitude in order to make them capable of facing the real world challenges. The prize winning performances of the college students in youth Festival is praiseworthy.

My best regards to Sri Guru Teg Bahadur College, Sathiala for its increasing relevance of academic programmes and the continued excellence of teaching learning and research which will help the institution to achieve greater heights in the area of academics.

I congratulate Sri Guru Teg Bahadur College, Sathiala for bringing out its Prospectus for the year 2022-23 and extend my best wishes to the faculty, staff and students for their future endeavours.

**Prof. (Dr.) Jaspal Singh Sandhu**
**Vice Chancellor**
**Guru Nanak Dev University**
**Amritsar**

# Message

It gives me immense pleasure to know that Sri Guru Teg Bahadur College, Sathiala is bringing the issue of Prospectus for the session 2022-23. The college provides an atmosphere to our students for multifaceted development, where they are encouraged to channelize their potential in the pursuit of excellence. This can only be possible in a holistic student-centric environment The talents, skills, and abilities of each student need to be identified, nurtured, and encouraged to reach greater heights. Students needs to be provided with a platform to think express and exhibit their skills. It is necessary to empower them to negotiate several issues that confront them, with the teacher being a facilitator. The college is striving hard to make the best possible efforts to inculcate strong values combining with academics and extra-curricular activities in the students



The college has excelled in every field during the previous years. Many students have registered their presence in the merit list of University exams and others have brought laurels in cultural activities in zonal and inter-zonal youth festivals. I believe that you would develop versatile personality during your stay in this temple of learning. Discipline and hard work is the key to success. Be regular in your classes and focus on your goals. Your concerted efforts with the able guidance of your teachers would definitely provide you a blissful and successful life. I am sure under the dynamic leadership of able Principal the college will touch new heights in the coming years. I, welcome all the students and wish all the best for achieving greater success and scaling new heights in the coming session.

**With blessing and warm wishes.**

**Dr. Karanjit Singh Kahlon**
Registrar
Guru Nanak Dev University, Amritsar



ਪੰਜਾਬ ਸਰਕਾਰ ਅਤੇ ਯੂਨੀਵਰਸਿਟੀ ਦੇ ਸਹਿਯੋਗ ਨਾਲ ਸ਼ੁਰੂ ਕੀਤਾ ਗਿਆ ਗੁਰੂ ਤੇਗ ਬਹਾਦਰ ਕਾਲਜ, ਸਠਿਆਲਾ ਪੇਂਡੂ ਵਿਦਿਆਰਥੀਆਂ ਲਈ ਵਰਦਾਨ ਸਾਬਤ ਹੋ ਰਿਹਾ ਹੈ। ਸਬੰਧਤ ਸੰਸਥਾ ਵਿੱਚ ਜਿਥੇ ਯੂਨੀਵਰਸਿਟੀ ਵੱਲੋਂ ਉੱਚ ਯੋਗਤਾ ਪ੍ਰਾਪਤ ਸਟਾਫ ਨਿਯੁਕਤ ਕੀਤਾ ਗਿਆ ਹੈ, ਉਥੇ ਮਿਆਰੀ ਵਿੱਦਿਆ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਸਾਰੀਆਂ ਲੋੜੀਂਦੀਆਂ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਮੈਂ ਸਮਝਦਾ ਹਾਂ ਕਿ ਇਹ ਕਾਲਜ ਆਰਥਿਕ ਪੱਖ ਤੋਂ ਪਛੜੇ ਵਿਦਿਆਰਥੀਆਂ ਲਈ ਨਵੀਆਂ ਆਸਾਂ ਤੇ ਉਮੀਦਾਂ ਪੂਰੀਆਂ ਕਰਕੇ ਆਪਣੇ ਪਾਇਦਾਰ ਭਵਿੱਖ ਦੇ ਹਾਣੀ ਬਣਾ ਰਿਹਾ ਹੈ। ਸਮੂਹ ਇਲਾਕਾ ਨਿਵਾਸੀਆਂ ਕੋਲੋਂ ਮਿਲ ਰਹੇ ਨਿੱਘੇ ਸਹਿਯੋਗ ਲਈ ਮੈਂ ਉਹਨਾਂ ਦਾ ਹਾਰਦਿਕ ਧੰਨਵਾਦੀ ਹਾਂ। ਪ੍ਰਿੰਸੀਪਲ, ਸਮੂਹ ਅਧਿਆਪਕ ਅਤੇ ਪ੍ਰਬੰਧਕੀ ਸਟਾਫ ਵੀ ਕਾਲਜ ਵਿੱਚ ਨਿਭਾਈ ਜਾ ਰਹੀ ਆਪਣੀ-ਆਪਣੀ ਡਿਊਟੀ ਲਈ ਪ੍ਰਸੰਸਾ ਅਤੇ ਧੰਨਵਾਦ ਦੇ ਪਾਤਰ ਹਨ। ਮੈਂ ਸਮੂਹ ਸਟਾਫ ਤੇ ਇਲਾਕਾ ਨਿਵਾਸੀਆਂ ਨੂੰ ਅਪੀਲ ਕਰਦਾ ਹਾਂ ਕਿ ਆਓ ਰੱਲ ਮਿੱਲ ਕੇ ਗੁਰੂ ਤੇਗ ਬਹਾਦਰ ਯੂਨੀਵਰਸਿਟੀ ਕਾਲਜ, ਸਠਿਆਲਾ ਨੂੰ ਯੂਨੀਵਰਸਿਟੀ ਦੇ ਨਕਸ਼ੇ ਵਿੱਚ ਵਿਸ਼ੇਸ਼ ਦਰਜਾ ਦਿਵਾਉਣ ਲਈ ਆਪਣਾ ਯੋਗਦਾਨ ਪਾਈਏ।

**Prof. (Dr.) T. S. Banipal**
**Dean College Development Council**
**Guru Nanak Dev University, Amritsar**



# ਸੰਦੇਸ਼

ਮਨੁੱਖੀ ਜ਼ਿੰਦਗੀ ਵਿੱਚ ਸਿੱਖਿਆ ਦਾ ਖਾਸ ਮਹੱਤਵ ਹੈ। ਵਿੱਦਿਆ ਸਾਡੇ ਜੀਵਨ ਨੂੰ ਸਸ਼ਕਤ ਬਣਾਉਣ ਵਿੱਚ ਅਹਿਮ ਭੂਮਿਕਾ ਅਦਾ ਕਰਦੀ ਹੈ। ਇਸ ਸਬੰਧ ਵਿੱਚ ਵਿਦਿਅਕ ਸੰਸਥਾਵਾਂ ਕੇਵਲ ਇਮਾਰਤਾਂ ਹੀ ਨਹੀਂ ਹੁੰਦੀਆਂ ਸਗੋਂ ਅਜਿਹੀਆਂ ਸਤਿਕਾਰਯੋਗ ਥਾਵਾਂ ਹੁੰਦੀਆਂ ਹਨ ਜਿਨ੍ਹਾਂ ਦਾ ਪ੍ਰਮੁੱਖ ਮੰਤਵ ਵਿਦਿਆਰਥੀਆਂ ਨੂੰ ਕੇਵਲ ਕਿਤਾਬੀ ਗਿਆਨ ਨਾ ਦੇ ਕੇ ਸਗੋਂ ਉਨ੍ਹਾਂ ਨੂੰ 'ਇਨਸਾਨ' ਬਣਾਉਣ ਵੱਲ ਪ੍ਰੇਰਿਤ ਕਰਨਾ ਹੁੰਦਾ ਹੈ। ਇਨ੍ਹਾਂ ਸੰਸਥਾਵਾਂ ਦੀਆਂ ਮਜਬੂਤ ਨੀਹਾਂ 'ਤੇ ਹੀ ਸਮੁੱਚਾ ਵਿਦਿਆਰਥੀ ਵਰਗ ਅੱਲੜ ਜੀਵਨ ਦੀ ਸਾਕਾਰਾਤਮਕ ਉਸਾਰੀ ਕਰਨ ਵਿਚ ਸਫਲ ਹੁੰਦਾ ਹੈ। ਇਥੇ ਰਿਸ਼ਤਿਆਂ ਦੀ ਸਿਰਜਣਾ ਵੀ ਹੁੰਦੀ ਹੈ। ਇਥੇ ਹੀ ਵਿਦਿਆਰਥੀ ਅਧਿਆਪਕ ਦੇ ਸਤਿਕਾਰਯੋਗ ਰਿਸ਼ਤੇ ਬਣਦੇ ਹਨ ਜਿਨ੍ਹਾਂ ਦੇ ਮਾਰਗਦਰਸ਼ਕ ਨਾਲ ਵਿਦਿਆਰਥੀ ਉਚੀਆਂ ਮਲਾਂ ਮਾਰਨ ਦਾ ਰਾਹ ਲੱਭ ਕੇ ਕਾਮਯਾਬੀ ਹਾਸਲ ਕਰਦੇ ਹਨ। ਅਜਿਹੇ ਹੀ ਮੰਤਵ ਨੂੰ ਲੈ ਕੇ ਪੰਜਾਬ ਸਰਕਾਰ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋ ਗੁਰੂਆਂ ਦੀ ਧਰਤੀ (ਬਾਬਾ ਬਕਾਲਾ) ਵਿੱਚ ਸ੍ਰੀ ਗੁਰੂ ਤੇਗ ਬਹਾਦਰ ਕਾਲਜ, ਸਠਿਆਲਾ ਪੇਂਡੂ ਇਲਾਕਿਆਂ ਦੇ ਲੋੜਵੰਦ ਅਤੇ ਮਿਹਨਤੀ ਵਿਦਿਆਰਥੀਆਂ ਨੂੰ ਸਸਤੀ ਅਤੇ ਮਿਆਰੀ ਸਿੱਖਿਆ ਦੇਣ ਦਾ ਸਫਲ ਉਪਰਾਲਾ ਹੈ। ਇਸ ਕਾਲਜ ਦੀਆਂ ਫੀਸਾਂ ਸਰਕਾਰੀ ਕਾਲਜ ਦੇ ਬਰਾਬਰ ਹਨ ਅਤੇ ਤਜ਼ਰਬੇਕਾਰ ਅਧਿਆਪਕ ਹਨ। ਇਸ ਦਾ ਸਮੁੱਚਾ ਪ੍ਰਬੰਧ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਦਿਸ਼ਾ ਨਿਰਦੇਸ਼ਾ ਨਾਲ ਚਲ ਰਿਹਾ ਹੈ। ਨੈਤਿਕ ਮੁਲਾਂ ਤੇ ਮਾਨਵਤਾ ਦੀ ਤਰਜਮਾਨੀ ਕਰਦੇ ਇਸ ਕਾਲਜ ਵਿੱਚੋਂ ਵਿੱਦਿਆਂ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਆਪਣੇ ਸਭਿਆਚਾਰ ਤੇ ਪਰੰਪਰਾਵਾਂ ਨਾਲ ਸਦਾ ਜੁੜੇ ਰਹਿਣਗੇ, ਇਸ ਗੱਲ ਦੀ ਮੈਂ ਗਵਾਹੀ ਭਰਦਾ ਹਾਂ। ਕਾਲਜ ਵਿਚ ਪੜਾਏ ਜਾਣ ਵਾਲੇ ਵਿਭਿੰਨ ਕੋਰਸ ਵਿਦਿਆਰਥੀ ਦੇ ਸਮੁੱਚੇ ਜੀਵਨ ਦੀ ਸਾਰਥਕਤਾ ਲਈ ਸਹਾਈ ਹਨ। ਉਮੀਦ ਹੈ ਕਿ ਵਿਦਿਆਰਥੀ ਇਸ ਸੰਸਥਾ ਦਾ ਭਰਪੂਰ ਫਾਇਦਾ ਉਠਾਣਗੇ ਅਤੇ ਜ਼ਿੰਦਗੀ ਵਿੱਚ ਆਪਣੇ ਮਿਥੇ ਟੀਚਿਆਂ ਨੂੰ ਪੂਰਾ ਕਰ ਸਕਣਗੇ। ਡਾ. ਜਸਪਾਲ ਸਿੰਘ ਸੰਧੂ, ਵਾਇਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਮੈਂ ਵਿਸ਼ੇਸ਼ ਤੌਰ ਤੇ ਰਿਣੀ ਹਾਂ, ਜਿਨ੍ਹਾਂ ਮੈਨੂੰ ਇਸ ਇਲਾਕੇ ਦੇ ਕਾਲਜ ਦੀ ਸੇਵਾ ਕਰਨ ਦਾ ਮੌਕਾ ਪ੍ਰਦਾਨ ਕੀਤਾ। ਯੂਨੀਵਰਸਿਟੀ ਦੇ ਹੋਰ ਆਲਾ ਅਧਿਕਾਰੀਆਂ ਦੇ ਸਹਿਯੋਗ ਨਾਲ ਉਮੀਦ ਕਰਦਾ ਹਾਂ ਕ ਕਾਲਜ ਹੋਰ ਬੁਲੰਦੀਆਂ 'ਤੇ ਪਹੁੰਚੇਗਾ। ਆਓ! ਸਾਰੇ ਇਸ ਵਿਦਿਅਕ ਸੰਸਥਾ ਨਾਲ ਜੁੜ ਕੇ ਆਪਣੇ ਅਹਿਮ ਯੋਗਦਾਨ ਰਾਹੀਂ ਚੰਗੇ ਮਨੁੱਖ ਸਿਰਜਣ 'ਚ ਭੂਮਿਕਾ ਨਿਭਾਈਏ।

ਬਿਨਾ ਸ਼ੱਕ ਸ੍ਰੀ ਗੁਰੂ ਤੇਗ ਬਹਾਦਰ ਕਾਲਜ ਸਠਿਆਲਾ ਚੰਗੇ ਮਨੁੱਖ ਦੀ ਸਿਰਜਣਾ ਕਰਦਾ ਹੋਇਆ ਰਾਸ਼ਟਰ ਨਿਰਮਾਣ ਤੇ ਸਮਾਜ ਕਲਿਆਣ ਦੇ ਰਾਹ ਖੋਲਣ ਲਈ ਯਤਨਸ਼ੀਲ ਹੈ।

ਕਾਲਜ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਨਵੇਂ ਸੈਸ਼ਨ ਦੀਆਂ ਮੁਬਾਰਕਾਂ ਅਤੇ ਨਵੇਂ ਆਉਣ ਵਾਲੇ ਵਿਦਿਆਥੀਆਂ ਨੂੰ ਜੀ ਆਇਆਂ ਨੂੰ!

ਸ਼ੁੱਭ ਇਛਾਵਾਂ।

**ਡਾ. ਵੀ.ਕੇ. ਸਿੰਘ**
ਪ੍ਰਿੰਸੀਪਲ/ਓ.ਐਸ.ਡੀ

# ਕਾਲਜ ਬਾਰੇ

ਇਸ ਕਾਲਜ ਦੀ ਸਥਾਪਨਾ 1955 'ਚ ਹੋਈ । ਇਸ ਦਾ ਪਹਿਲਾਂ ਨਾਂ 'ਨੈਸ਼ਨਲ ਕਾਲਜ' ਸਠਿਆਲਾ ਸੀ । ਇਸ ਕਾਲਜ ਦੇ ਸੰਸਥਾਪਕ ਬਾਬਾ ਬੁੱਧ ਸਿੰਘ ਸਨ ਜੋ ਪਿੰਡ ਬੇਦਾਦਪੁਰ ਦੇ ਵਾਸੀ ਸਨ । ਆਪ ਜੀ ਨੂੰ ਮਲਾਇਨ ਗਾਂਧੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਸੀ । ਇਸ ਕਾਲਜ ਦੇ ਆਰੰਭਲੇ ਸਮੇਂ ਵਿੱਚ ਆਰਟਸ, ਸਾਇੰਸ ਤੇ ਐਗਰੀਕਲਚਰ ਨਾਲ ਸੰਬੰਧਿਤ ਕੋਰਸਾਂ ਨੂੰ ਸ਼ਾਮਿਲ ਕੀਤਾ ਗਿਆ । 1966 'ਚ ਕਾਲਜ ਦਾ ਸਮੁੱਚਾ ਪ੍ਰਬੰਧ ਸਿੱਖ ਐਜੁਕੇਸ਼ਨਲ ਸੁਸਾਇਟੀ, ਜਲੰਧਰ ਦੇ ਹੱਥਾਂ ਵਿੱਚ ਦੇ ਦਿੱਤਾ ਗਿਆ ਜਿਨ੍ਹਾਂ ਨੇ ਇਸ ਸੰਸਥਾ ਦਾ ਨਾਂ ਬਦਲ ਕੇ ਸ੍ਰੀ ਗੁਰੂ ਤੇਗ ਬਹਾਦਰ ਕਾਲਜ ਸਠਿਆਲਾ ਰੱਖ ਦਿਤਾ । 16 ਦਸੰਬਰ 1974 ਨੂੰ ਸਿੱਖ ਐਜੁਕੇਸ਼ਨਲ ਸੁਸਾਇਟੀ ਨੇ ਇਸ ਕਾਲਜ ਦਾ ਸੰਚਾਲਨ ਪੰਜਾਬ ਸਰਕਾਰ ਦੇ ਹੱਥਾਂ ਵਿੱਚ ਦੇ ਦਿੱਤਾ ਅਤੇ ਇਸ ਦਾ ਨਾਂ ਗੁਰੂ ਤੇਗ ਬਹਾਦਰ ਗੌਰਮਿੰਟ ਕਾਲਜ ਸਠਿਆਲਾ ਰਖਿਆ । ਸਾਲ 2011 ਤੋਂ ਇਹ ਪੰਜਾਬ ਸਰਕਾਰ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਾਂਝੇ ਉਦਮ ਨਾਲ ਚਲਾਇਆ ਜਾ ਰਿਹਾ ਹੈ । ਇਸ ਦਾ ਨਾਂ ਸ੍ਰੀ ਗੁਰੂ ਤੇਗ ਬਹਾਦਰ ਕਾਲਜ ਰੱਖ ਦਿਤਾ ਗਿਆ । ਇਸ ਕਾਲਜ ਦੇ ਪੜ੍ਹਨ ਵਾਲੇ ਵਿਦਿਆਰਥੀਆਂ ਨੇ ਕਈ ਉੱਚ ਅਹੁਦਿਆਂ 'ਤੇ ਆਪਣੀ ਪਛਾਣ ਸਥਾਪਿਤ ਕੀਤੀ ਜਿਵੇਂ ਕਿ ਆਈ.ਏ.ਐਸ, ਪੀ.ਸੀ.ਐਸ. ਆਦਿ। ਮੌਜੂਦਾ ਸਮੇਂ ਵਿੱਚ ਇਸ ਦਾ ਸਮੁੱਚਾ ਪ੍ਰਬੰਧ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਧੀਨ ਚੱਲ ਰਿਹਾ ਹੈ । ਪ੍ਰਾਈਵੇਟ ਅਤੇ ਗ੍ਰਾਂਟ-ਇਨ-ਏਡ ਸਕੀਮ ਤਹਿਤ ਚਲਦੇ ਕਾਲਜਾਂ ਵਿੱਚ ਫ਼ੀਸਾਂ ਬਹੁਤ ਜਿਆਦਾ ਹਨ । ਇਸ ਕਾਲਜ ਦੀਆਂ ਫੀਸਾਂ ਹੋਰਨਾਂ ਕਾਲਜਾਂ ਦੇ ਮੁਕਾਬਲਾ ਜਿਥੇ ਬਹੁਤ ਘੱਟ ਹਨ ਉਥੇ ਇਹ ਵਿਦਿਆਰਥੀਆਂ ਨੂੰ ਮਿਆਰੀ ਵਿਦਿਆ ਦੇਣ ਲਈ ਕਾਰਜਸ਼ੀਲ ਹੈ ।

ਪਿਛਲੇ ਕਈ ਸਾਲਾਂ ਤੋਂ ਇਹ ਕਾਲਜ ਉੱਚ ਪੱਧਰੀ ਸਸਤੀ ਵਿਦਿਆ ਦੇ ਰਿਹਾ ਹੈ ਜੋ ਕਿ ਪਛੜੇ ਤੇ ਪੇਂਡੂ ਵਰਗ ਦੇ ਘਰਾਂ ਦੇ ਨੇੜੇ ਵਿੱਦਿਆ ਮੁਹੱਈਆ ਕਰਾਉਣ ਦਾ ਸਫਲ ਯਤਨ ਹੈ । ਇਹ ਪੰਜਾਬ ਸਰਕਾਰ ਦਾ ਇਤਿਹਾਸਕ ਕਾਰਨਾਮਾ ਹੈ, ਜੋ ਪਿੰਡਾਂ ਨੂੰ ਸਿੱਖਿਆ ਪੱਖੋ ਚੁਕਣ ਦਾ ਉਚੇਤ ਯਤਨ ਹੈ । ਇਸ ਯਤਨ ਨੂੰ ਨੇਪਰੇ ਚਾੜਨ ਦਾ ਸਿਹਰਾ ਪ੍ਰੋ. (ਡਾ.) ਅਜਾਇਬ ਸਿੰਘ (ਸਾਬਕਾ ਵਾਇਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਨੂੰ ਜਾਂਦਾ ਹੈ, ਪ੍ਰੋ. ਬਰਾੜ ਦੀ ਅਗਵਾਈ ਤਹਿਤ ਪ੍ਰੋ. ਮਨਿੰਦਰ ਸਿੰਘ ਹੁੰਦਲ (ਸਾਬਕਾ ਡੀਨ ਵਿਦਿਅਕ ਮਾਮਲੇ) ਨੇ ਇਸ ਕੈਂਪਸ ਨੂੰ ਨਿਯਮਿਤ ਤਰੀਕੇ ਨਾਲ ਸ਼ੁਰੂ ਕਰਨ ਸੰਬੰਧੀ ਡੂੰਘੀ ਮਿਹਨਤ ਤੇ ਦਿਲਚਸਪੀ ਜੁਟਾਈ ਹੈ । ਇਨ੍ਹਾਂ ਸਭ ਅਹਿਮ ਸਖਸ਼ੀਅਤਾਂ ਦੀ ਇਸ ਇਤਿਹਾਸਕ ਦੇਣ ਪ੍ਰਤੀ ਸਮੁੱਚਾ ਇਲਾਕਾ ਸਦਾ ਰਿਣੀ ਰਹੇਗਾ ਅਤੇ ਵਿਦਿਆ ਦੇ ਇਤਿਹਾਸ ਵਿਚ ਇਨ੍ਹਾਂ ਦਾ ਨਾਂ ਸੁਨਿਹਰੀ ਪੰਨਿਆਂ ਵਿਚ ਸਦਾ ਸਨਮਾਨ ਨਾਲ ਲਿਆ





ਜਾਵੇਗਾ ।

ਇਸ ਕਾਲਜ ਵਿਚ ਸਾਰੇ ਹੀ ਉਹ ਕੋਰਸ ਚਲਾਏ ਗਏ ਹਨ, ਜਿੰਨ੍ਹਾਂ ਦੀ ਅਜੋਕੇ ਦੌਰ ਵਿਚ ਵਿਸ਼ੇਸ਼ ਖਿੱਚ ਤੇ ਲੋੜ ਹੈ। ਯੂਨੀਵਰਸਿਟੀ ਨੇ ਵੱਖ-ਵੱਖ ਕੋਰਸਾਂ ਨੂੰ ਚਲਾਉਣ ਸੰਬੰਧੀ ਪੂਰੀ ਵਿਉਂਤਬੰਦੀ ਕੀਤੀ ਹੈ। ਵਿਧੀਵਤ ਤਰੀਕੇ ਨਾਲ ਸਾਰੇ ਪ੍ਰਬੰਧ ਮੁਕੰਮਲ ਕੀਤੇ ਗਏ ਹਨ। ਨਵੇਂ ਯੁੱਗ ਦੀਆਂ ਲੋੜਾਂ ਮੁਤਾਬਕ ਪਰੰਪਰਾਗਤ ਕੋਰਸਾਂ ਦੇ ਨਾਲ-ਨਾਲ ਨਵੇਂ ਕਿੱਤਾ-ਮੁਖੀ ਕੋਰਸ ਸ਼ੁਰੂ ਕੀਤੇ ਗਏ ਹਨ। ਆਰਟਸ, ਸਾਇੰਸ, ਕਾਮਰਸ ਅਤੇ ਕੰਪਿਊਟਰ ਨਾਲ ਸੰਬੰਧਿਤ ਕਈ ਡਿਗਰੀ ਕੋਰਸ ਸ਼ੁਰੂ ਕੀਤੇ ਗਏ ਹਨ। ਇਹ ਕੋਰਸ ਅਜੋਕੇ ਯੁੱਗ ਦੀਆਂ ਲੋੜਾਂ ਮੁਤਾਬਕ ਹਨ, ਜੋ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਨਾਉਣ ਵਿਚ ਮਦਦਗਾਰ ਸਾਬਿਤ ਹੋ ਰਹੇ ਹਨ। ਇਹ ਸੰਸਥਾ ਨਿਸ਼ਚੇ ਹੀ ਸਮਾਜ ਦੇ ਸਾਂਝੇ ਵਿਕਾਸ ਲਈ ਮਹੱਤਵਪੂਰਨ ਰੋਲ ਅਦਾ ਕਰ ਰਹੀ ਹੈ।

ਇਸ ਕਾਲਜ ਵਿਚ ਬੀ.ਏ., ਬੀ.ਐੱਸ.ਸੀ., ਬੀ.ਸੀ.ਏ., ਬੀ.ਕਾਮ. ਆਦਿ ਡਿਗਰੀ ਕੋਰਸ ਅਤੇ ਡੀ.ਸੀ.ਏ, ਪੀ.ਜੀ.ਡੀ.ਸੀ.ਏ ਆਦਿ ਡਿਪਲੋਮਾ ਕੋਰਸ ਸ਼ੁਰੂ ਕੀਤੇ ਗਏ ਹਨ। ਇਸ ਤੋਂ ਇਲਾਵਾ ਸਾਲ 2020-21 ਤੋਂ ਕਿੱਤਾ-ਮੁਖੀ ਡਿਪਲੋਮਾ ਵੀ ਸ਼ੁਰੂ ਕੀਤੇ ਗਏ ਹਨ।ਇਹਨਾਂ ਸਭ ਕਿੱਤਾ-ਮੁਖੀ ਕੋਰਸਾਂ ਦਾ ਮਕਸਦ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਨਾਉਣਾ ਹੈ। ਅਜਿਹੀਆਂ ਡਿਗਰੀਆਂ ਅਤੇ ਡਿਪਲੋਮੇ ਹਾਸਿਲ ਕਰਕੇ ਵਿਦਿਆਰਥੀ ਸਮਾਜ ਵਿਚ ਆਪਣੀ ਯੋਗ ਥਾਂ ਬਨਾਉਣ ਦਾ ਹੱਕ ਹਾਸਿਲ ਕਰ ਸਕਣਗੇ। ਉੱਚ-ਸਿੱਖਿਆ ਨਾਲ ਹੀ ਹਰੇਕ ਵਿਦਿਆਰਥੀ ਦਾ ਭਵਿੱਖ ਸੰਵਾਰਿਆ ਜਾਣਾ ਹੈ। ਇਹ ਹੀ ਸਮਾਜ ਦੇ ਵਿਕਾਸ ਦਾ ਆਧਾਰ ਹੈ। ਉੱਚ-ਸਿੱਖਿਆ ਸੰਸਥਾਵਾਂ ਨਾਲ ਜੁੜਨਾ ਸਮੇਂ ਦੀ ਲੋੜ ਹੈ ਜਿਸ ਨਾਲ ਵਿਦਿਆਰਥੀ ਵਰਗ ਸਮਾਜ ਵਿੱਚ ਵੱਡੀਆਂ ਪ੍ਰਾਪਤੀਆਂ ਹਾਸਲ ਕਰਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਕਾਲਜ ਦੀ ਆਧੁਨਿਕ ਕਿਸਮ ਦੀ ਨਵੀਂ, ਸ਼ਾਨਦਾਰ ਤੇ ਖੁੱਲੀ ਇਮਾਰਤ ਹੈ। ਕੋਰਸਾਂ ਦੀਆਂ ਲੋੜਾਂ ਮੁਤਾਬਕ ਕੰਪਿਊਟਰ ਤੇ ਸਾਇੰਸ ਪ੍ਰਯੋਗਸ਼ਾਲਾਵਾਂ (Labs) ਹਨ। ਕੰਪਿਊਟਰ ਪ੍ਰਯੋਗਸ਼ਾਲਾਵਾਂ ਵਿਚ ਉੱਤਮ ਅਤੇ ਵਿਕਸਿਤ ਤਕਨੀਕ ਵਾਲੇ ਕੰਪਿਊਟਰ ਹਨ, ਸੌ ਦੇ ਕਰੀਬ ਕੰਪਿਊਟਰ ਰੱਖਣ ਅਤੇ ਦੋ ਸੌ ਵਿਦਿਆਰਥੀਆਂ ਦੇ ਬੈਠਣ ਦੀ ਸੁਵਿਧਾ ਵੀ ਉਪਲੱਬਧ ਹੋਣ ਦੇ ਨਾਲ-ਨਾਲ ਇੰਟਰਨੈੱਟ ਦੀ ਸਹੂਲਤ ਵੀ ਹੈ। ਕੈਂਪਸ ਵਿਚ ਵਿਸ਼ਾਲ ਅਤੇ ਅਲਟਰਾ-ਮਾਡਰਨ ਲਾਇਬਰੇਰੀ ਹੈ। ਇਸ ਵਿਚ ਸੌ ਦੇ ਕਰੀਬ ਵਿਦਿਆਰਥੀਆਂ ਦੇ ਬੈਠਣ ਦੀ ਸਮਰੱਥਾ ਹੈ। ਅਖ਼ਬਾਰਾਂ, ਮੈਗਜ਼ੀਨ ਤੇ ਰਸਾਲੇ ਪੜ੍ਹਨ ਦਾ ਉੱਚਿਤ ਪ੍ਰਬੰਧ ਹੈ। ਬਿਜਲੀ ਦੀ ਲੋੜ ਪੂਰੀ ਕਰਨ ਲਈ ਕਾਲਜ ਦਾ ਆਪਣਾ ਟਰਾਂਸਫਾਰਮਰ ਤੇ ਜਨਰੇਟਰ ਹੈ। ਚੰਗਾ ਖਾਣ-ਪੀਣ ਲਈ ਕਾਲਜ ਵਿਚ ਕੈਨਟੀਨ ਉਪਲੱਬਧ ਹੈ। ਖੇਡਾਂ ਲਈ ਖੁੱਲ੍ਹੇ ਮੈਦਾਨ ਹਨ। ਇਸ ਸੰਸਥਾ ਨੂੰ ਸਹੀ ਅਰਥਾਂ ਵਿਚ ਸੇਵਾ ਦੀ ਮਿਸ਼ਨਰੀ ਭਾਵਨਾ ਨਾਲ ਚਲਾਇਆ ਜਾ ਰਿਹਾ ਹੈ।



## ਕਾਲਜ ਦੇ ਮੁੱਖ ਉਦੇਸ਼

1. ਮਿਆਰੀ ਅਤੇ ਸਸਤੀ ਵਿਦਿਆ ਦੇਣਾ
2. ਯੂਨੀਵਰਸਿਟੀ ਵੱਲੋਂ ਨਿਰਧਾਰਿਤ ਸਿਲੇਬਸ ਅਨੁਸਾਰ ਵਿਦਿਆ ਪ੍ਰਾਪਤ ਕਰਨ।
3. ਯੂ.ਜੀ.ਸੀ., ਯੂਨੀਵਰਸਿਟੀ ਅਤੇ ਸਿੱਖਿਆ ਵਿਭਾਗ ਦੇ ਨਿਰਦੇਸ਼ਾਂ ਦਾ ਪਾਲਣਾ ਕਰਨਾ।
4. ਨਵੇਂ ਯੁੱਗ ਦੀਆਂ ਲੋੜਾਂ ਅਤੇ ਨਵੀਂ ਤਕਨੀਕ ਅਨੁਸਾਰ ਕਦਮ ਨਾਲ ਕਦਮ ਮਿਲਾ ਕੇ ਚੱਲਣਾ।
5. ਨੈਤਿਕ, ਤਿਆਗ, ਕੁਰਬਾਨੀ ਅਤੇ ਸੇਵਾ-ਭਾਵ ਵਾਲੀਆਂ ਕਦਰਾਂ ਕੀਮਤਾਂ ਉੱਤੇ ਬਲ ਦੇਣਾ।
6. ਵਿੱਦਿਆ ਸੰਬੰਧੀ ਸ਼ਾਤ ਅਤੇ ਖੁਸ਼ਗਵਾਰ ਮਾਹੌਲ ਸਥਾਪਿਤ ਕਰਨਾ।
7. ਖੇਡਾਂ ਅਤੇ ਸਭਿਆਚਾਰਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨਾ।
8. ਭਾਰਤ ਅਤੇ ਪੰਜਾਬ ਦੀਆਂ ਮਹਾਨ ਸ਼ਖਸ਼ੀਅਤਾਂ ਸੰਬੰਧੀ ਜਾਣਕਾਰੀ ਦੇਣਾ।
9. ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੇ ਵਾਧੇ ਲਈ ਯਤਨਸ਼ੀਲ ਰਹਿਣਾ।
10. ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣਾ।
11. ਐਨ.ਸੀ.ਸੀ ਅਤੇ ਐਨ.ਐਸ.ਐਸ ਯੂਨਿਟਾਂ ਰਾਹੀਂ ਵਿਦਿਆਰਥੀਆਂ ਨੂੰ ਵਿਭਿੰਨ ਮੌਕੇ ਪ੍ਰਦਾਨ ਕਰਨਾ।







# FACULTY OF THE COLLEGE

**Prof. (Dr.) V.K. Singh**
O.S.D/Principal



**Punjabi Department**
- Dr. (Lt.) Harsimran Kaur
- Prof. Jaswinder Kaur

**English Department**
- Prof. Karambir Singh

**Political Science Department**
- Prof. Ajmeet Kaur

**Sociology Department**
- Prof. Kanwaljit Singh

**Computer Science Department**
- Prof. Satbir Singh 'Mattewal'
- Prof. Navneet Kaur Sandhu
- Prof. Gaurav
- Prof. Vaneet Kaur

**Physical Education Department**
- Prof. Amandeep Singh

**Commerce Department**
- Prof. Rajan Bedi
- Prof. Heera Lal
- Prof. Harpreet Kaur

**Physics Department**
- Prof. Jasmine

**Chemistry Department**
- Prof. Jasminder Kaur

**Mathematics Department**
- Prof. Gungeet Kaur
- Prof. Rabia

**History Department**
- Prof. Sumit Mahajan

# ਕਾਲਜ ਵਿੱਚ ਅਕਾਦਮਿਕ ਕੋਰਸ

## ਗਰੈਜੁਏਸ਼ਨ ਕੋਰਸ

### ਬੈਚੂਲਰ ਆਫ਼ ਆਰਟਸ (ਬੀ.ਏ) (ਮਿਆਦ-6 ਸਮੈਸਟਰ)

**ਯੋਗਤਾ:** ਵਿਦਿਆਰਥੀ 10+2 ਦੀ ਪ੍ਰੀਖਿਆ ਘੱਟੋ-ਘੱਟ 40% ਨੰਬਰਾਂ ਨਾਲ ਪਾਸ ਕੀਤੀ ਹੋਵੇ। ਜੇਕਰ ਵਿਦਿਆਰਥੀ ਦੀ 10+2 ਵਿਚੋਂ ਕਿਸੇ ਵਿਸ਼ੇ ਵਿੱਚੋ ਕੰਪਾਰਟਮੈਂਟ ਹੈ ਤਾਂ 31-12-22 ਤੱਕ ਹੱਲ ਕਰਨੀ ਜ਼ਰੂਰੀ ਹੋਵੇਗੀ।

**ਵਿਸ਼ਾ ਚੋਣ :-**

**(ੳ) ਲਾਜ਼ਮੀ ਵਿਸ਼ੇ**

1. ਅੰਗਰੇਜ਼ੀ ਲਾਜ਼ਮੀ
2. ਪੰਜਾਬੀ ਲਾਜ਼ਮੀ

**(ਅ) ਚੋਣਵੇਂ ਵਿਸ਼ੇ:** ਹਰ ਵਿਦਿਆਰਥੀ ਹੇਠ ਲਿਖਿਆਂ ਵਿੱਚੋਂ ਕੁਲ ਤਿੰਨ ਵਿਸ਼ੇ ਚੁਣ ਸਕਦਾ ਹੈ। ਵਿਸ਼ਿਆਂ ਦੇ ਹਰੇਕ ਗਰੁੱਪ ਵਿੱਚੋਂ ਕੋਈ ਇੱਕ ਵਿਸ਼ਾ ਚੁਣ ਸਕਦਾ ਹੈ।

1. ਇਲੈਕਟਿਵ ਪੰਜਾਬੀ
2. ਸਮਾਜ ਸ਼ਾਸਤਰ (ਸ਼ੋਸ਼ੋਲੋਜੀ)
2. ਰਾਜਨੀਤੀ ਸ਼ਾਸ਼ਤਰ
3. ਸਰੀਰਕ ਸਿੱਖਿਆ/ਕੰਪਿਊਟਰ ਸਾਇੰਸ
4. ਹਿਸਟਰੀ / ਗਣਿਤ

**ਡਰੱਗ ਅਬਊਜ਼-** ਸਿਰਫ਼ ਸਮੈਸਟਰ 1 ਦੇ ਵਿਦਿਆਰਥੀਆਂ ਲਈ ਲਾਜ਼ਮੀ ਹੈ।

**ਵਾਤਾਵਰਨ ਸੰਬੰਧੀ ਅਧਿਐਨ** - ਸਿਰਫ਼ ਸਮੈਸਟਰ 3 ਦੇ ਵਿਦਿਆਰਥੀਆਂ ਲਈ ਲਾਜ਼ਮੀ ਹੈ।

### ਬੀ.ਐਸ.ਸੀ. (ਨਾਲ-ਮੈਡੀਕਲ) (ਮਿਆਦ-6 ਸਮੈਸਟਰ)

**ਯੋਗਤਾ:-** ਵਿਦਿਆਰਥੀ ਨੇ ਨਾਨ- ਮੈਡੀਕਲ ਗਰੁੱਪ 10+2) ਵਿੱਚੋ ਘੱਟੋ ਘੱਟ 40% ਨੰਬਰਾਂ ਨਾਲ ਪਾਸ ਕੀਤੀ ਹੋਵੇ। ਜੇਕਰ ਵਿਦਿਆਰਥੀ ਦੀ 10+2 ਵਿੱਚੋ ਕਿਸੇ ਵਿਸ਼ੇ ਵਿੱਚੋਂ ਕੰਪਾਰਟਮੈਂਟ ਹੈ ਤਾਂ 31-12-22 ਤੱਕ ਹੱਲ ਕਰਨੀ ਜ਼ਰੂਰੀ ਹੋਵੇਗੀ।

**ਵਿਸ਼ਾ ਚੋਣ :-**

1. ਅੰਗਰੇਜ਼ੀ (ਲਾਜ਼ਮੀ)
2. ਪੰਜਾਬੀ (ਲਾਜ਼ਮੀ)
3. ਗਣਿਤ
3. ਕਮਿਸਟਰੀ
4. ਫਿਜ਼ਿਕਸ

**ਡਰੱਗ ਅਬਊਜ਼-** ਸਿਰਫ਼ ਸਮੈਸਟਰ 1 ਲਈ ਲਾਜ਼ਮੀ ਹੈ।

### ਬੀ. ਐਸ.ਸੀ. (ਕੰਪਿਊਟਰ ਸਾਇੰਸ) (ਮਿਆਦ-6 ਸਮੈਸਟਰ)

**ਯੋਗਤਾ:-** ਵਿਦਿਆਰਥੀ ਨੇ ਨਾਨ- ਮੈਡੀਕਲ ਗਰੁੱਪ (10+2) ਵਿੱਚੋਂ ਘੱਟੋ ਘੱਟ 40 % ਨੰਬਰਾਂ ਨਾਲ ਪਾਸ ਕੀਤੀ ਹੋਵੇ। ਜੇਕਰ ਵਿਦਿਆਰਥੀ ਦੀ 10+2 ਵਿੱਚੋਂ ਕਿਸੇ ਵਿਸ਼ੇ ਵਿੱਚੋਂ ਕੰਪਾਰਟਮੈਂਟ ਹੈ ਤਾਂ 31-12-2022 ਤੱਕ ਹੱਲ ਕਰਨੀ ਜ਼ਰੂਰੀ ਹੋਵੇਗੀ।

**ਵਿਸ਼ਾ ਚੋਣ :-**

1. ਅੰਗਰੇਜ਼ੀ (ਲਾਮਜ਼ੀ)
2. ਪੰਜਾਬੀ (ਲਾਜ਼ਮੀ)
3. ਗਣਿਤ
4. ਕੰਪਿਊਟਰ ਸਾਇੰਸ
5. ਫਿਜਿਕਸ

**ਡਰੱਗ ਅਬਊਜ਼-** ਸਿਰਫ ਸਮੈਸਟਰ 1 ਦੇ ਲਈ ਲਾਜ਼ਮੀ ਹੈ।

**ਵਾਤਾਵਰਨ ਸੰਬੰਧੀਤ ਅਧਿਐਨ-** ਸਿਰਫ ਸਮੈਸਟਰ 3 ਦੇ ਲਈ ਲਾਜ਼ਮੀ ਹੈ।

### ਬੀ.ਕਾਮ.

**ਯੋਗਤਾ-** ਵਿਦਿਆਰਥੀ ਨੇ 10+2 ਦੀ ਪ੍ਰੀਖਿਆ ਘੱਟੋ-ਘੱਟ 40 % ਨੰਬਰਾਂ ਨਾਲ ਪਾਸ ਕੀਤੀ ਹੋਵੇ। ਜੇਕਰ ਵਿਦਿਆਰਥੀ ਦੀ 10+2 ਵਿੱਚੋਂ ਕਿਸੇ ਵਿਸ਼ੇ ਵਿੱਚੋਂ ਕੰਪਾਰਟਮੈਂਟ ਹੈ ਤਾਂ 31-12-22 ਤੱਕ ਹੱਲ ਕਰਨੀ ਜ਼ਰੂਰੀ ਹੋਵੇਗੀ।

**ਵਿਸ਼ੇ-** ਯੂਨੀਵਰਸਿਟੀ ਸਿਲੇਬਸ ਅਨੁਸਾਰ

**ਡਰੱਗ ਅਬਊਜ਼** - ਸਿਰਫ਼ ਸਮੈਸਟਰ 2 ਦੇ ਲਈ ਲਾਜ਼ਮੀ ਹੈ।

**ਵਾਤਾਵਰਨ ਸੰਬੰਧੀ ਅਧਿਐਨ** - ਸਿਰਫ਼ ਸਮੈਸਟਰ ਚੌਥੇ ਦੇ ਲਈ ਲਾਜ਼ਮੀ ਹੈ।

### ਬੀ.ਸੀ.ਏ

**ਯੋਗਤਾ:-** ਵਿਦਿਆਰਥੀ 10+2 ਦੀ ਪ੍ਰੀਖਿਆ ਘੱਟੋ-ਘੱਟ 40% ਨੰਬਰਾਂ ਨਾਲ ਪਾਸ ਕੀਤੀ ਹੋਵੇ। ਜੇਕਰ ਵਿਦਿਆਰਥੀ ਦੀ 10+2 ਵਿੱਚੋਂ ਕਿਸੇ ਵਿਸ਼ੇ ਵਿੱਚ ਕੰਪਾਰਟਮੈਂਟ ਹੈ ਤਾਂ 31-12-22 ਤੱਕ ਹੱਲ ਕਰਨੀ ਜ਼ਰੂਰੀ ਹੋਵੇਗੀ।

**ਵਿਸ਼ੇ:-** ਯੂਨੀਵਰਸਿਟੀ ਸਿਲੇਬਸ ਅਨੁਸਾਰ

**ਡਰੱਗ ਅਬਊਜ਼** - ਸਿਰਫ ਸਮੈਸਟਰ 2 ਦੇ ਲਈ ਲਾਜ਼ਮੀ ਹੈ।

**ਵਾਤਾਵਰਨ ਸੰਬੰਧੀ ਅਧਿਐਨ-** ਸਿਰਫ਼ ਸਮੈਸਟਰ 5 ਦੇ ਲਈ ਲਾਜ਼ਮੀ ਹੈ।

## ਡਿਪਲੋਮਾ ਕੋਰਸ

### ਪੀ.ਜੀ ਡੀ. ਸੀ.ਏ.

**ਯੋਗਤਾ:-** ਵਿਦਿਆਰਥੀ ਨੇ ਗਰੈਜੁਏਸ਼ਨ 50 % ਨੰਬਰਾਂ ਨਾਲ ਪਾਸ ਕੀਤੀ ਹੋਵੇ।

ਵਿਸ਼ੇ:- ਯੂਨੀਵਰਸਿਟੀ ਸਿਲੇਬਸ ਅਨੁਸਾਰ

### ਡੀ.ਸੀ.ਏ

**ਯੋਗਤਾ:-** ਵਿਦਿਆਰਥੀ ਨੇ 10+2 ਵਿੱਚੋਂ 40% ਨੰਬਰ ਹਾਸਿਲ ਕੀਤੇ ਹੋਣ।

**ਵਿਸ਼ੇ** - ਯੂਨੀਵਰਸਿਟੀ ਸਿਲੇਬਸ ਅਨੁਸਾਰ



# FEE STRUCTURE FOR THE SESSION 2022-23

| S.No. | CLASS | 1st Installment | 2nd Installment | Total Amount Fee |
|---|---|---|---|---|
| 1. | BA 1st YEAR (With Practical) | 13,645/- | 3,690/- | 17,335/- |
| 2. | BA 1st YEAR (Without Practical) | 11,945/- | 3,190/- | 15,135/- |
| 3. | BA 2nd YEAR (With Practical) | 12,835/- | 3,625/- | 16,460/- |
| 4. | BA 2nd YEAR (Without Practical) | 11,135/- | 3,125/- | 14,260/- |
| 5. | BA 3rd YEAR (With Practical) | 12,370/- | 3,565/- | 15,935/- |
| 6. | BA 3rd YEAR (Without Practical) | 10,670/- | 3,065/- | 13,735/- |
| 7. | B.Sc. (Non Med.) 1st YEAR | 13,900/- | 5,145/- | 19,045/- |
| 8. | B.Sc. (Non Med.) 2nd YEAR | 13,020/- | 5,010/- | 18,030/- |
| 9. | B.Sc. (Non Med.) 3rd YEAR | 12,490/- | 4,885/- | 17,375/- |
| 10. | B.Sc. (Comp. Sci.) 1st YEAR | 13,900/- | 5,145/- | 19,045/- |
| 11. | B.Sc. (Comp. Sci.) 2nd YEAR | 13,020/- | 5,010/- | 18,030/- |
| 12. | B.Sc. (Comp. Sci.) 3rd YEAR | 12,490/- | 4,885/- | 17,375/- |
| 13. | B.Com 1st Year | 13,400/- | 4,645/- | 18,045/- |
| 14. | B.Com 2nd Year | 12,520/- | 4,510/- | 17,030/- |
| 15. | B.Com 3rd Year | 11,990/- | 4,845/- | 16,875/- |
| 16. | BCA 1st Year | 19,065/- | 10,310/- | 29,375/- |
| 17. | BCA 2nd Year | 17,940/- | 9,930/- | 27,870/- |
| 18. | BCA 3rd Year | 17,175/- | 9,570/- | 26,745/- |
| 19. | PGDCA | 19,365/- | 10,310/- | 29,675/- |
| 20. | DCA | 12,000/- | 3,245/- | 15,245/- |

***University Examination Fees will be extra as per the notification/Norms of GNDU, Asr.**

**Note :-**

- Students passing +2 from boards other than PSEB will have to pay migration fee and verification fee separately as per University rules.
- Any increase in fee at any time as per the direction of Punjab Govt., University and college will have to be paid by students.
- Before the completion of admission process, it a candidate is allowed to shift from one general course to another general course, for this purpose, fee and funds deposited by him/her will be adjusted after charging Rs. 5000/-(for each shifting) as shifting fee.

**RESERVATION POLICY FOR ADMISSION IN COLLEGES OF THE STATE OF PUNJAB**

| CATEGORY | PERCENTAGE | | |
|---|---|---|---|
| General | 52 | General | 52 |
| SC | 20 | SC | 20 |
| BC | 08 | BC | 08 |
| Ex-Serviceman / Ex-Serviceman (Dependent) | 13 | Ex-Serviceman / Ex-Serviceman (Dependent) General | 07 |
| | | Ex-Serviceman / Ex-Serviceman (Dependent) SC | 04 |
| | | Ex-Serviceman / Ex-Serviceman (Dependent) BC | 02 |
| Freedom Fighters | 01 | Freedom Fighters | 01 |
| PWD | 03 | PWD | 03 |
| Sports | 03 | Sports General | 02 |
| | | Sports SC | 01 |
| Total | 100 | Total | 100 |

# ਕਾਲਜ ਦੇ ਵਿਦਿਆਰਥੀਆਂ ਲਈ ਅਤਿ ਜਰੂਰੀ ਨਿਰਦੇਸ਼

1 ਦਾਖਲਾ ਫਾਰਮ ਭਰਨ ਤੋਂ ਪਹਿਲਾਂ ਵਿਦਿਆਰਥੀਆਂ ਤੇ ਮਾਪਿਆਂ ਲਈ ਪ੍ਰਾਸਪੈਕਟਸ ਚੰਗੀ ਤਰ੍ਹਾਂ ਪੜ੍ਹ ਲੈਣਾ ਜਰੂਰੀ ਹੈ।

2 ਕਾਲਜ ਅਨੁਸ਼ਾਸਨ ਭੰਗ ਕਰਨ ਵਾਲੇ ਕਿਸੇ ਵੀ ਵਿਦਿਆਰਥੀ ਦੇ ਖਿਲਾਫ ਸਖਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ।

3 ਸਮੈਸਟਰ ਪ੍ਰੀਖਿਆ ਵਿਚ ਬੈਠਣ ਲਈ ਵਿਦਿਆਰਥੀ ਨੂੰ ਯੂਨੀਵਰਸਿਟੀ ਵਲੋ ਨਿਰਧਾਰਤ ਸਾਰੀਆਂ ਸ਼ਰਤਾ ਦੀ ਪੂਰਤੀ ਕਰਨੀ ਲਾਜ਼ਮੀ ਹੋਵੇਗੀ। ਇਹ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ ਵਿਦਿਆਰਥੀ ਨੂੰ ਯੂਨੀਵਰਸਿਟੀ ਦੀ ਪ੍ਰੀਖਿਆ ਵਿਚ ਬੈਠਣ ਦੀ ਆਗਿਆ ਨਹੀਂ ਦਿਤੀ ਜਾਵੇਗੀ।

4 ਕਾਲਜ ਸੰਪਤੀ ਅਤੇ ਕਾਲਜ ਕੈਂਪਸ ਦੀ ਸਾਂਭ ਹਰ ਵਿਦਿਆਰਥੀ ਦਾ ਬੁਨਿਆਦੀ ਫਰਜ਼ ਹੈ।

5 ਕਾਲਜ ਵਿਚ ਹਰ ਵਿਦਿਆਰਥੀ ਲਈ ਹਰ ਰੋਜ਼ ਸ਼ਨਾਖਤੀ ਕਾਰਡ ਲਿਆਉਣਾ ਜਰੂਰੀ ਹੈ।

6 ਵਿਦਿਆਰਥੀ ਦੇ ਆਪਣੇ ਹਿੱਤ ਵਿਚ ਹੈ ਕਿ ਉਹ ਹਰ ਰੋਜ਼ ਨੇਮ ਨਾਲ ਨੋਟਿਸ ਬੋਰਡ ਪੜ੍ਹਨ। ਕਾਲਜ ਵਿਚ ਹਰ ਸੂਚਨਾ ਕੇਵਲ ਨੋਟਿਸ ਬੋਰਡ 'ਤੇ ਹੀ ਲਗਾਈ ਜਾਂਦੀ ਹੈ। ਨੋਟਿਸ ਬੋਰਡ ਨਾ ਪੜ੍ਹਨ ਦੀ ਸੂਰਤ ਵਿਚ ਕਿਸੇ ਵੀ ਸੂਚਨਾ ਦੇ ਨਾ ਪ੍ਰਾਪਤ ਕਰਨ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੀ ਹੋਵੇਗੀ ।

7 ਵਿਦਿਆਰਥੀ ਦਾ ਪਿਤਾ/ਸ੍ਰਪਰਸਤ ਸੈਸ਼ਨ ਦੌਰਾਨ ਸਮੇਂ ਸਮੇਂ ਆਪਣੇ ਵਾਰਡ ਦੀ ਅਕਾਦਮਿਕ ਪ੍ਰਗਤੀ ਅਤੇ ਆਮ ਜਾਣਕਾਰੀ ਲਈ ਕਾਲਜ ਪ੍ਰਸ਼ਾਸ਼ਨ ਨਾਲ ਲਾਜ਼ਮੀ ਸੰਪਰਕ ਕਰੇਗਾ ਅਜਿਹਾ ਨਾ ਹੋਣ ਦੀ ਸੂਰਤ ਵਿਚ ਉਸਦੇ ਵਾਰਡ ਸਬੰਧੀ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਦੀ ਜ਼ਿੰਮੇਵਾਰੀ ਇਸ ਦਫ਼ਤਰ ਦੀ ਨਹੀ ਹੋਵੇਗੀ।

8 ਕਾਲਜ ਸਬੰਧੀ ਹਰ ਪ੍ਰਕਾਰ ਦੇ ਬਣਦੇ ਬਕਾਏ ਅਤੇ ਫੀਸਾਂ ਦੇ ਭੁਗਤਾਨ ਦੀ ਜ਼ਿੰਮੇਵਾਰੀ ਵਿਦਿਆਰਥੀ ਦੇ ਪਿਤਾ ਜਾਂ ਸ੍ਰਪਰਸਤ ਦੀ ਹੋਵੇਗੀ। ਸਮੇ ਸਿਰ ਭੁਗਤਾਨ ਨਾ ਕਰਨ ਦੀ ਸੂਰਤ ਵਿਚ ਵਿਦਿਆਰਥੀ ਦੇ ਨੁਕਸਾਨ ਦੀ ਜ਼ਿੰਮੇਵਾਰੀ ਇਸ ਦਫਤਰ ਦੀ ਨਹੀ ਹੋਵੇਗੀ।

9 ਦਾਖਲੇ ਸਮੇਂ ਪ੍ਰਗਟ ਤੱਥਾਂ ਦੇ ਬਾਅਦ ਵਿਚ ਕਿਸੇ ਵੀ ਸਮੇਂ ਗਲਤ ਸਾਬਤ ਹੋਣ ਦੀ ਹਾਲਤ ਵਿੱਚ ਵਿਦਿਆਰਥੀ ਵਿਰੁਧ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ।

10 ਵਿਦਿਆਰਥੀ ਕਾਲਜ ਵਿਚ ਕੋਈ ਵੀ ਅਜਿਹੀ ਰਾਜਨੀਤਕ ਗਤੀਵਿਧੀਆਂ ਨਹੀਂ ਕਰਨਗੇ ਜਿਸ ਨਾਲ ਪੜ੍ਹਾਈ ਦਾ ਨੁਕਸਾਨ ਹੋਵੇ।

11 ਕਾਲਜ ਵਿਚ ਕਿਸੇ ਪ੍ਰਕਾਰ ਦਾ ਨਸ਼ਾ ਕਰਨਾ,ਮੋਬਾਇਲ ਫੋਨ ਦੀ ਵਰਤੋਂ ਕਰਨਾ ਅਤੇ ਫੋਟੋਗ੍ਰਾਫੀ ਕਰਨਾ ਸਖਤ ਮਨ੍ਹਾਂ ਹੈ। ਅਜਿਹਾ ਕਰਨ ਦੀ ਸੂਰਤ ਵਿਚ ਵਿਦਿਆਰਥੀ ਅਨੁਸ਼ਾਸਨੀ ਕਾਰਵਾਈ/ਜੁਰਮਾਨੇ ਦਾ ਭਾਗੀਦਾਰ ਹੋਵੇਗਾ।

12 ਰੈਗਿੰਗ ਸਖਤ ਮਨ੍ਹਾਂ ਹੈ। ਰੈਗਿੰਗ ਸਬੰਧੀ ਗਤੀਵਿਧੀਆਂ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਅਤੇ ਇਨ੍ਹਾਂ ਵਿਦਿਆਰਥੀਆਂ ਨੂੰ ਕਾਲਜ ਵਿਚੋਂ ਨਿਲੰਬਿਤ ਵੀ ਕੀਤਾ ਜਾ ਸਕਦਾ ਹੈ।

13 ਜੇਕਰ ਕੋਈ ਵਿਦਿਆਰਥੀ ਲਗਾਤਾਰ 10 ਦਿਨ ਕਾਲਜ ਦੇ ਦਫ਼ਤਰ ਨੂੰ ਸੂਚਿਤ ਕੀਤੇ ਬਿਨ੍ਹਾਂ ਕਾਲਜ ਤੋਂ ਗੈਰ ਹਾਜਿਰ ਰਹਿੰਦਾ ਹੈ ਤਾਂ ਉਸਦਾ ਦਾਖਲਾ ਰੱਦ ਕਰ ਦਿਤਾ ਜਾਵੇਗਾ।

# ਸਮੈਸਟਰ ਕੋਰਸ ਲਈ ਜਰੂਰੀ ਨਿਯਮ

1. ਪਹਿਲੇ ਸਮੈਸਟਰ ਤੋ ਦੂਜੇ ਸਮੈਸਟਰ ਵਿੱਚ ਜਾਣ ਲਈ ਕੋਈ ਵੀ Condition ਨਹੀਂ ਲਗਾਈ ਗਈ ਹੈ।
2. ਪਹਿਲੇ ਦੋ ਸਮੈਸਟਰਾਂ ਨੂੰ ਮਿਲਾ ਕੇ ਬਣਦੇ ਕੁੱਲ ਵਿਸ਼ਿਆ ਵਿਚੋ ਘੱਟੋ-ਘੱਟ 50% ਵਿਸ਼ਿਆਂ ਵਿੱਚੋਂ ਪਾਸ ਹੋਣਾ ਲਾਜ਼ਮੀ ਹੈ।
3. ਤੀਸਰੇ ਸਮੈਸਟਰ ਤੋ ਚੋਥੇ ਸਮੈਸਟਰ ਵਿੱਚ ਜਾਣ ਲਈ ਕੋਈ ਵੀ ਸ਼ਰਤ ਨਹੀਂ ਲਗਾਈ ਗਈ ਹੈ।
4. ਵਿਦਿਆਰਥੀ ਨੂੰ ਪੰਜਵੇਂ ਸਮੈਸਟਰ ਵਿੱਚ ਤਾ ਹੀ ਦਾਖ਼ਲਾ ਮਿਲੇਗਾ ਜੇਕਰ ਉਹ ਪਹਿਲੇ ਚਾਰ ਸਮੈਸਟਰਾਂ ਨੂੰ ਮਿਲਾਕੇ ਬਣਦੇ ਕੁੱਲ ਵਿਸ਼ਿਆਂ ਵਿੱਚੋ ਘਟੋ-ਘੱਟ 50% ਵਿਸ਼ਿਆਂ ਵਿੱਚੋਂ ਪਾਸ ਹੋਣਾ ਲਾਜ਼ਮੀ ਹੈ।
5. ਵਿਦਿਆਰਥੀ ਨੂੰ ਛੇਵੇ ਸਮੈਸਟਰ ਵਿੱਚ ਤਾਂ ਹੀ ਦਾਖਲਾ ਮਿਲੇਗਾ ਜੇਕਰ ਵਿਦਿਆਰਥੀ ਦੇ ਪਹਿਲੇ ਸਮੈਸਟਰ ਦੇ ਸਾਰੇ ਪੇਪਰ ਪਾਸ ਹੋਣਗੇ।
6. ਛੇਵੇ ਸਮੈਸਟਰ ਤੋਂ ਬਾਅਦ ਵਿਦਿਆਰਥੀ ਨੂੰ ਅਗਲੇ 2 ਸਾਲ ਤੱਕ ਸਾਰੇ ਪੇਪਰ ਪਾਸ ਕਰਨੇ ਹੋਣਗੇ । ਇਹ ਕੋਰਸ ਕੁਲ 5 ਸਾਲਾ ਵਿਚ ਮੁਕੰਮਲ ਕਰਨਾ ਹੋਵੇਗਾ । ਇਸ ਵਿੱਚ ਅਸਫਲ ਹੋਣ ਦੀ ਸੂਰਤ ਵਿਚ ਵਿਦਿਆਰਥੀ ਨੂੰ ਮੁੜ ਪਹਿਲੇ ਸਮੈਸਟਰ ਵਿਚ ਦਾਖਲਾ ਲੈਣਾ ਪਵੇਗਾ।
7. ਜੇਕਰ ਵਿਦਿਆਰਥੀ ਆਪਣੇ ਅਪਣੇ ਪ੍ਰਯੋਗੀ ਪ੍ਰੀਖਿਆ ਵਿੱਚੋ ਪਾਸ ਹੈ ਪਰ ਲਿਖਤੀ ਪ੍ਰੀਖਿਆ ਵਿੱਚੋ ਕੰਪਾਰਮੈਂਟ ਆ ਜਾਂਦੀ ਹੈ ਤਾ ਇਸ ਸੂਰਤ 'ਚ ਵਿਦਿਆਰਥੀ ਨੂੰ ਕੇਵਲ ਲਿਖਤੀ ਪ੍ਰੀਖਿਆ ਦੇਣੀ ਪਏਗੀ ਅਤੇ ਪ੍ਰਯੋਗੀ ਪ੍ਰੀਖਿਆ ਦੇ ਪਹਿਲਾ ਤੋਂ ਪ੍ਰਾਪਤ ਕੀਤੇ ਨੰਬਰ ਹੀ Include ਹੋਣਗੇ।
8. ਸਮੈਸਟਰ ਨਿਯਮਾਂ ਮੁਤਾਬਿਕ ਜੇਕਰ ਵਿਦਿਆਰਥੀ ਦੀ ਪ੍ਰਯੋਗੀ ਪ੍ਰੀਖਿਆ ਵਿੱਚ ਕੰਪਾਰਮੈਂਟ ਆਉਦੀ ਹੈ ਤਾ ਉਸਨੇ ਕੇਵਲ ਪ੍ਰਯੋਗੀ ਪ੍ਰੀਖਿਆ ਹੀ ਦੇਣੀ ਹੈ।
9. ਦੂਸਰੇ ਸਮੈਸਟਰ ਤੋਂ ਬਾਅਦ ਵਿਦਿਆਰਥੀ ਨੂੰ ਅਗਲੇ 2 ਸਾਲ ਤੱਕ

ਦੂਸਰੇ ਸਮੈਸਟਰ ਤੋਂ ਬਾਅਦ ਵਿਚ ਸਾਲ ਤੱਕ ਸਾਰੇ ਪੇਪਰ ਪਾਸ ਕਰਨੇ ਹੋਣਗੇ । ਇਸ ਵਿਚ ਹੋਣ ਦੀ ਸੂਰਤ ਵਿਚ ਵਿਦਿਆਰਥੀ ਦੇ ਮੁੜ ਪਹਿਲੇ ਸਮੈਸਟਰ ਵਿਚ ਦਾਖਲਾ ਲੈਣਾ ਪਵੇਗਾ।

## ਕਾਲਜ ਦੇ ਘਰੇਲੂ ਇਮਤਿਹਾਨਾ ਸੰਬੰਧੀ ਨਿਯਮ

1. ਕਾਲਜ ਦੇ ਘਰੇਲੂ ਇਮਤਿਹਾਨ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਲਏ ਜਾਣਗੇ ਅਤੇ ਇਹ ਇਮਤਿਹਾਨ ਕਾਲਜ ਦੇ ਹਰ ਵਿਦਿਆਰਥੀ ਲਈ ਲਾਜ਼ਮੀ ਹਨ।
2. ਇਮਤਿਹਾਨਾਂ ਵਿਚ ਸੂਚਨਾ ਦਿੱਤੇ ਬਿਨਾਂ ਗੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀਆਂ ਨੂੰ ਭਾਰੀ ਜੁਰਮਾਨਾ ਹੋਵੇਗਾ।
3. ਜੇਕਰ ਕੋਈ ਵਿਦਿਆਰਥੀ ਘਰੇਲੂ ਪ੍ਰੀਖਿਆਵਾਂ ਵਿਚ ਕਿਸੇ ਅਚਨਚੇਤ ਜਾਂ ਨਾ ਟਲਨ ਵਾਲੇ ਹਲਾਤਾਂ ਕਾਰਨ ਇਮਤਿਹਾਨਾ ਨਾ ਦੇ ਕੇ ਸਕੇ, ਉਸਨੂੰ ਦੁਬਾਰਾ ਇਮਤਿਹਾਨ ਦੇਣ ਦਾ ਮੌਕਾ ਦੇਣਾ ਪ੍ਰਿੰਸੀਪਲ ਦੇ ਅਧਿਕਾਰ ਖੇਤਰ ਵਿੱਚ ਹੋਵੇਗਾ।

## ਯੂਨੀਵਰਸਿਟੀ ਇਮਤਿਹਾਨਾਂ ਸੰਬੰਧੀ ਨਿਯਮ

1. ਯੂਨੀਵਰਸਿਟੀ ਇਮਤਿਹਾਨਾਂ ਵਿੱਚ ਬੈਠਣ ਲਈ ਵਿਦਿਆਰਥੀ ਨੂੰ ਘਰੇਲੂ ਇਮਤਿਹਾਨਾਂ ਦੇ ਹਰੇਕ ਵਿਸ਼ੇ ਵਿੱਚ ਘੱਟ ਤੋਂ ਘੱਟ 35% ਅੰਕ ਜਾਂ ਕੁੱਲ ਅੰਕਾਂ ਦਾ 35% ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ।
2. ਵਿਦਿਆਰਥੀ ਲਈ ਯੂਨੀਵਰਸਿਟੀ ਇਮਤਿਹਾਨਾਂ ਵਿੱਚ ਬੈਠਣ ਲਈ ਘੱਟੋ ਘੱਟ 75% ਹਾਜ਼ਰੀ ਲਾਜ਼ਮੀ ਹੈ ਇਹ ਸ਼ਰਤਾ ਪ੍ਰੈਕਟੀਕਲ ਵਿਸ਼ਿਆ ਉੱਪਰ ਵੀ ਲਾਗੂ ਹੁੰਦੀਆ ਹਨ।
3. ਇਮਤਿਹਾਨਾਂ ਅਤੇ ਹਾਜ਼ਰੀ ਸੰਬੰਧੀ ਘੱਟੋ-ਘੱਟ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ ਵਿਦਿਆਰਥੀ ਰੋਲ ਨੰਬਰ ਲੈਣ ਦੇ ਅਤੇ ਇਮਤਿਹਾਨਾਂ ਵਿੱਚ ਬੈਠਣ ਦੇ ਹੱਕਦਾਰ ਨਹੀਂ ਸਮਝੇ ਜਾਣਗੇ ।

## ਛੁੱਟੀ ਸੰਬੰਧੀ ਨਿਯਮ

1. ਆਮ ਤੌਰ ਤੇ ਤਿੰਨ ਦਿਨਾਂ ਤੋਂ ਵੱਧ ਛੁੱਟੀ ਨਹੀਂ ਦਿੱਤੀ ਜਾਵੇਗੀ। ਤਿੰਨ ਦਿਨਾਂ ਤੋਂ ਵਧੇਰੇ ਛੁੱਟੀ ਲੈਣ ਲਈ ਪ੍ਰਿੰਸੀਪਲ ਸਾਹਿਬ ਦੀ ਅਗੇਤਰੀ ਮਨਜ਼ੂਰੀ ਲਾਜ਼ਮੀ ਹੋਵੇਗੀ।
2. ਅਰਜ਼ੀ ਉੱਤੇ ਪਿਤਾ ਜਾਂ ਗਾਰਡੀਅਨ ਦੇ ਦਸਤਖ਼ਤ।
3. ਹਫ਼ਤੇ ਤੋਂ ਵੱਧ ਬਿਮਾਰੀ ਦੀ ਛੁੱਟੀ ਲਈ ਯੋਗ ਮੈਡੀਕਲ ਅਫ਼ਸਰ ਦਾ ਪ੍ਰਮਾਣ ਪੱਤਰ ਦੇਣਾ ਜ਼ਰੂਰੀ ਹੈ।

## ਲਾਇਬ੍ਰੇਰੀ ਸੰਬੰਧੀ ਨਿਯਮ

1. ਇਕ ਵਿਦਿਆਰਥੀ ਨੂੰ ਸਮੇਂ 2 ਹੀ ਪੁਸਤਕਾਂ 15 ਦਿਨਾਂ ਲਈ ਮਿਲ ਸਕਦੀਆਂ ਹਨ। ਕਿਤਾਬਾਂ ਨਾ ਵਾਪਸ ਕਰਨ ਦੀ ਸੂਰਤ ਵਿੱਚ ਪੰਦਰਾਂ ਦਿਨਾਂ ਤੋਂ ਬਾਅਦ 1 ਰੁਪਿਆ ਰੋਜ਼ਾਨਾ ਜੁਰਮਾਨਾ ਹੋਵੇਗਾ।
2. ਲਾਇਬ੍ਰੇਰੀ ਇੰਚਾਰਜ ਕਿਸੇ ਵੀ ਸਮੇਂ ਪੁਸਤਕ ਵਾਪਸ ਵੀ ਮੰਗਵਾ ਸਕਦਾ ਹੈ।
3. ਵਿਦਿਆਰਥੀ ਤੋਂ ਪੁਸਤਕ ਗੁਆਚਣ ਜਾਂ ਖਰਾਬ ਹੋਣ ਦੀ ਸੂਰਤ ਵਿੱਚ ਉਸ ਨੂੰ ਪੁਸਤਕ ਦੇ ਬਦਲੇ ਨਵੀਂ ਪੁਸਤਕ ਦਾ ਵਰਤਮਾਨ ਮੁੱਲ ਭਰਨਾ ਪਵੇਗਾ।
4. ਸ਼ਨਾਖਤੀ ਕਾਰਡ ਤੋਂ ਬਿਨ੍ਹਾਂ ਪੁਸਤਕ ਨਹੀਂ ਮਿਲੇਗੀ ਅਤੇ ਨਾ ਹੀ ਵਿਦਿਆਰਥੀ ਲਾਇਬ੍ਰੇਰੀ ਵਿੱਚ ਬੈਠ ਸਕਣਗੇ।
5. ਲਾਇਬ੍ਰੇਰੀ ਸ਼ਨਾਖਤੀ ਕਾਰਡ ਗਵਾਚਣ ਦੀ ਸੂਰਤ ਵਿੱਚ ਪ੍ਰਿੰਸੀਪਲ ਦੀ ਆਗਿਆ ਅਤੇ ਨਿਰਧਾਰਿਤ ਜੁਰਮਾਣੇ ਨਾਲ ਹੀ ਡੁਪਲੀਕੇਟ ਕਾਰਡ ਦਿੱਤਾ ਜਾਵੇਗਾ।
6. ਲਾਇਬ੍ਰੇਰੀ ਵਿੱਚ ਸ਼ਾਂਤੀ ਬਣਾ ਕੇ ਰੱਖਣੀ ਜ਼ਰੂਰੀ ਹੋਵੇਗੀ।
7. ਲਾਇਬਰੇਰੀ ਵਿੱਚ ਖਾਣ-ਪੀਣ ਵਾਲੀਆਂ ਚੀਜ਼ਾਂ ਦੀ ਮਨਾਹੀ ਹੈ।
8. ਮੋਬਾਇਲ ਫੋਨ ਦੀ ਵਰਤੋਂ ਤੇ ਸਖਤ ਪਾਬੰਦੀ ਹੈ।
9. ਅੰਡਰ ਗਰੈਜੁਏਸ਼ਨ ਕਲਾਸਾਂ ਦੇ ਵਿਦਿਆਰਥੀਆਂ ਨੂੰ 2 ਤੇ ਪੋਸਟ ਗਰੈਜੁਏਸ਼ਨ ਨੂੰ ਕਿਤਾਬਾਂ ਜਾਰੀ ਕੀਤੀਆ ਜਾਣਗੀਆ।
10. ਕਿਤਾਬਾਂ ਨੂੰ ਸਾਫ-ਸੁਥਰਾ ਰੱਖਿਆ ਜਾਵੇ।
11. ਪ੍ਰੀਖਿਆਵਾਂ ਤੋ ਪਹਿਲਾਂ ਵਿਦਿਆਰਥੀਆਂ ਨੂੰ ਆਪਣਾ ਲਾਇਬਰੇਰੀ ਕਾਰਡ ਜਮ੍ਹਾਂ ਕਰਾਉਣਾ ਹੋਵੇਗਾ । ਪ੍ਰੀਖਿਆਵਾਂ ਤੋਂ ਪਹਿਲਾ ਵਿਦਿਆਰਥੀ ਨੂੰ ਲਾਇਬ੍ਰੇਰੀ ਦੀਆਂ ਕਿਤਾਬਾਂ ਵਾਪਿਸ ਜਮ੍ਹਾ ਕਰਾਉਣੀਆਂ ਲਾਜ਼ਮੀ ਹੋਣਗੀਆਂ।

## ਧਾਰਮਿਕ ਗਤੀਵਿਧੀਆਂ

### 1. ਸੁਖਮਨੀ ਸਾਹਿਬ ਦਾ ਪਾਠ

ਪੁਰਾਣੇ ਸਮਿਆਂ ਤੋਂ ਚਲੀ ਆ ਰਹੀ ਪਰੰਪਰਾ  ਨੂੰ ਜਾਰੀ ਰੱਖਦਿਆਂ 16 ਦਸੰਬਰ 2021 ਨੂੰ ਕਾਲਜ ਵਿੱਚ ਅਰਦਾਸ ਦਿਵਸ ਮਨਾਇਆ ਗਿਆ। ਇਸ ਮੌਕੇ ਗਉੜੀ ਸੁਖਮਨੀ ਸਾਹਿਬ ਦੇ ਜਾਪ ਕੀਤੇ ਗਏ ਅਤੇ ਇਲਾਹੀ ਬਾਣੀ ਦੇ ਕੀਰਤਨ ਉਪਰੰਤ ਗੁਰੂ ਕਾ ਲੰਗਰ ਲਗਾਇਆ ਗਿਆ।

### 2. ਅੰਤਰ ਕਾਲਜ ਆਨਲਾਈਨ ਭਾਸ਼ਣ ਮੁਕਾਬਲਾ

ਗੁਰੂ ਤੇਗ ਬਹਾਦੁਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਦੇ ਸੰਬੰਧ ਵਿਚ ਅੰਤਰ ਕਾਲਜ ਆਨਲਾਈਨ ਭਾਸ਼ਣ ਮੁਕਾਬਲੇ ਕਰਵਾਏ ਗਏ, ਜਿਸ ਵਿਚ ਪੰਜਾਬ ਦੇ ਵੱਖ ਵੱਖ ਕਾਲਜਾਂ ਤੋਂ ਵਿਦਿਆਰਥੀਆਂ ਨੇ ਭਾਗ ਲਿਆ।

### 3. ਅੰਤਰ ਕਾਲਜ ਸ਼ਬਦ ਗਾਇਨ ਮੁਕਾਬਲਾ

ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਆਗਮਨ ਦਿਵਸ ਨੂੰ ਸਮਰਪਿਤ ਅੰਤਰ ਕਾਲਜ ਸ਼ਬਦ ਗਾਇਨ ਮੁਕਾਬਲਾ 9ਜੁਲਾਈ2021 ਨੂੰ ਆਨਲਾਈਨ ਮੋਡ ਵਿੱਚ ਕਰਵਾਇਆ ਗਿਆ।

### 4. ਦਸਤਾਰ ਮੁਕਾਬਲਾ

12 ਅਪ੍ਰੈਲ 2022 ਨੂੰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਗਏ। ਜਿਸ ਵਿਚ ਸੁੰਦਰ ਦਸਤਾਰ ਸਜਾਉਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ।

## ਸਭਿਆਚਾਰਕ ਗਤੀਵਿਧੀਆਂ

### 1. ਯੂਥ ਫੈਸਟੀਵਲ ( ਯੁਵਕ ਮੇਲਾ )

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਲੋਂ 2021-22 ਦੌਰਾਨ ਕਰਵਾਏ ਯੁਵਕ ਮੇਲੇ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ 15 ਪ੍ਰਤਿਯੋਗਤਾਵਾਂ ਵਿੱਚ ਭਾਗ ਲਿਆ ਅਤੇ ਕਾਲਜ ਦੇ ਖਾਤੇ ਤਿੰਨ ਪੁਜੀਸ਼ਨਾਂ ਪਾਈਆਂ। ਸਰਬਜੀਤ ਕੌਰ ਨੇ ਕਾਰਟੂਨਿੰਗ ਵਿੱਚ ਪਹਿਲਾ , ਸਤਨਾਮ ਸਿੰਘ ਨੇ ਪੋਸਟਰ ਮੁਕਾਬਲਾ ਵਿੱਚ ਤੀਸਰਾ ਅਤੇ ਸ਼ਭਰਾਜ ਨੇ ਲੋਕ ਗੀਤ ਮੁਕਾਬਲੇ ਵਿਚੋਂ ਤੀਸਰਾ ਸਥਾਨ ਹਾਸਲ ਕੀਤਾ।

### 2. ਦੀਵਾਲੀ ਦਾ ਤਿਉਹਾਰ

3 ਨਵੰਬਰ 2021 ਨੂੰ ਸਮੂਹ ਸਟਾਫ਼ ਅਤੇ ਐਜੂਕੇਸ਼ਨਲ ਕਲਚਰਲ ਸੁਸਾਇਟੀ ਦੇ ਸਾਂਝੇ ਯਤਨਾਂ ਨਾਲ ਓ. ਐਸ. ਡੀ ਡਾ.ਵੀ ਕੇ ਸਿੰਘ ਦੀ ਪ੍ਰਵਾਨਗੀ ਨਾਲ ਦੀਵਾਲੀ ਦਾ ਤਿਉਹਾਰ ਮਨਾਇਆ ਗਿਆ ਅਤੇ ਵਿਦਿਆਰਥੀਆਂ ਨੂੰ ਬੰਦੀ ਛੋੜ ਦਿਵਸ  ਬਾਰੇ ਜਾਣੂ ਕਰਵਾਇਆ ਗਿਆ।

### 3. ਵਿਸਾਖੀ ਮੇਲਾ

ਕਾਲਜ ਵਿਖੇ 12 ਅਪ੍ਰੈਲ 2022 ਨੂੰ ਵਿਸਾਖੀ ਮੇਲਾ ਕਰਵਾਇਆ ਗਿਆ ਜਿਸ ਵਿੱਚ ਵਿਦਿਆਰਥੀਆ ਨੇ ਪੰਜਾਬੀ ਵਿਰਸੇ ਨੂੰ ਦਰਸਾਉਂਦੇ ਪਹਿਰਾਵੇ ਵਿੱਚ ਪੇਸ਼ਕਾਰੀਆਂ ਦਿੱਤੀਆਂ। ਇਸ ਮੌਕੇ ਕਾਲਜ ਓ ਐਸ ਡੀ  ਡਾ. ਵੀ . ਕੇ ਸਿੰਘ ਅਤੇ ਸਮੂਹ ਸਟਾਫ਼ ਵੱਲੋਂ ਵਧੀਆ ਪੇਸ਼ਕਾਰੀ ਦੇਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ ਅਤੇ ਪੰਜਾਬੀ ਗੱਭਰੂ ਅਤੇ ਪੰਜਾਬਣ ਮੁਟਿਆਰ ਦੀ ਚੋਣ ਕੀਤੀ ਗਈ।

### 4. ਨਾਰੀ ਸ਼ਸ਼ਕਤੀਕਰਨ ਦਿਵਸ

ਨਾਰੀ ਸ਼ਸ਼ਕਤੀਕਰਨ ਦਿਵਸ ਦੀ ਲੋਅ ਵਿਚ 9 ਮਾਰਚ 2022 ਨੂੰ ਪੰਜਾਬ ਪੁਲਸ ਦੇ ਸਹਿਯੋਗ ਨਾਲ ਇਕ ਸੈਮੀਨਾਰ ਲਗਾਇਆ ਗਿਆ। ਜਿਸ ਵਿਚ ਮਹਿਲਾ ਮਿੱਤਰ ਟੋਲ ਫ੍ਰੀ ਨੰਬਰ ਜਾਰੀ ਕੀਤਾ ਗਿਆ ਅਤੇ ਵਿਦਿਆਰਥਣਾ ਨੂੰ ਆਪਣੀ ਤਾਕਤ ਪਹਿਚਾਣ ਕਰਨ ਲਈ ਪ੍ਰੇਰਿਤ ਕੀਤਾ ਗਿਆ।

### 5. ਫੇਅਰਵੈਲ ਪਾਰਟੀ

ਕਾਲਜ ਦੇ ਆਖਰੀ ਸਮੈਸਟਰ ਵਿੱਚ ਪੜਦੇ ਵਿਦਿਆਰਥੀਆਂ  ਨੂੰ ਵਿਦਾਇਗੀ ਪਾਰਟੀ ਦਿੱਤੀ ਗਈ ਅਤੇ ਉਹਨਾਂ ਵਿੱਚੋ ਵੱਖ ਵੱਖ ਮੁਕਾਬਲਿਆਂ ਉਪਰੰਤ ਮਿਸਟਰ ਫੇਅਰਵੈਲ, ਮਿਸ ਫੇਅਰਵੈਲ,ਮ ਮਿਸਟਰ ਪਰਫੈਕਟ ਅਤੇ ਮਿਸ ਪਰਫੈਕਟ ਚੁਣਿਆ ਗਿਆ।

## ਸਹਿ ਅਕਾਦਮਿਕ ਗਤੀਵਿਧੀਆਂ

1. ਵਿਦਿਆਰਥੀਆਂ ਦਾ Hardy's World ਲੁਧਿਆਣਾ ਵਿਖੇ ਟ੍ਰਿਪ ਲਿਜਾਇਆ ਗਿਆ।
2. ਮਿਸ਼ਨ ਫ਼ਤਹਿ ਤਹਿਤ ਵਿਦਿਆਰਥੀਆਂ ਦੇ ਆਨਲਾਈਨ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ।
3. 20 ਦਸੰਬਰ2021  ਨੂੰ ਕਾਲਜ ਵਿਖੇ ਪਰਸਨੈਲਿਟੀ ਡਿਵੈਲਪਮੈਂਟ ਵਰਕਸ਼ਾਪ ਲਗਾਈ ਗਈ।
4. 1 ਅਕਤੂਬਰ2021 ਨੂੰ ਕਾਲਜ ਵਿਦਿਆਰਥੀਆਂ ਵਿਚ ਆਰਟ ਅਤੇ ਕਰਾਫਟ ਪ੍ਰਤੀ ਰੁਚੀ ਪੈਦਾ ਕਰਨ ਲਈ  ਇਕ ਕਲਾਕਾਰ ਵਲੋਂ ਵਰਕਸ਼ਾਪ ਲਗਾਈ ਗਈ।
5. ਪੰਜਾਬੀ ਭਾਸ਼ਾ ਦੀ ਮਹੱਤਤਾ ਨੂੰ ਦਰਸਾਉਂਦਾ ਨਾਟਕ  ਵਹਿੰਦਾ ਦਰਿਆ ਬਾਬਾ ਨਾਮਦੇਵ ਥੀਏਟਰ ਸੋਸਾਇਟੀ ਘੁਮਾਣ ਵੱਲੋਂ ਕਰਵਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਨੁੱਕੜ ਨਾਟਕ , ਸੋਲੋ ਨਾਟਕ ਅਤੇ ਹੋਰ ਵੱਖ ਵੱਖ ਨਾਟਕਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ।
6. ਵਿਦਿਆਰਥੀਆਂ ਨੂੰ ਖ਼ੂਨਦਾਨ ਕਰਨ ਲਈ ਪ੍ਰੇਰਿਤ ਕਰਨ ਲਈ ਅਤੇ ਥੈਲਾਸੀਮੀਆ ਨਾਮਕ ਬਿਮਾਰੀ ਬਾਰੇ ਜਾਣਕਾਰੀ ਦੇਣ ਲਈ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ, ਵੱਲਾ ਅਤੇ ਸਿਵਲ ਹਸਪਤਾਲ ਬਾਬਾ ਬਕਾਲਾ ਦੇ ਸੀਨੀਅਰ ਮੈਡੀਕਲ ਅਫਸਰ ਅਤੇ ਉਹਨਾਂ ਦੀ ਟੀਮ ਵਲੋਂ ਸੈਮੀਨਾਰ ਲਗਾਇਆ ਗਿਆ।
7. 10 ਦਸੰਬਰ 2021 ਨੂੰ ਅੰਤਰਰਸ਼ਟਰੀ ਮਨੁੱਖੀ ਅਧਿਕਾਰ ਦਿਵਸ ਦੇ ਸੰਬੰਧ ਵਿੱਚ ਰਾਜਨੀਤੀ ਸ਼ਾਸਤਰ ਵਿਭਾਗ ਵੱਲੋਂ ਸੈਮੀਨਾਰ ਲਗਾਇਆ ਗਿਆ।

## ਜਨ - ਕਲਿਆਣ ਗਤੀਵਿਧੀਆਂ

1. 23 ਨਵੰਬਰ 2021  ਨੂੰ ਕਾਲਜ ਵਿਖੇ ਥੈਲਾਸੀਮੀਆਂ ਪੀੜਤ ਬੱਚਿਆਂ ਦੀ ਭਲਾਈ ਲਈ ਖ਼ੂਨ ਦਾਨ ਕੈਂਪ ਲਗਾਇਆ ਗਿਆ। ਜਿਸ ਵਿਚ 60 ਦੇ ਕਰੀਬ ਵਿਦਿਆਰਥੀਆਂ ਨੇ ਖ਼ੂਨ ਦਾਨ ਕੀਤਾ।
2. ਸਰਕਾਰੀ ਕੰਨਿਆ ਹਾਈ ਸਕੂਲ ਸਠਿਆਲਾ ਵਿਖੇ ਕਾਲਜ ਦੇ ਪ੍ਰੋਫੈਸਰ ਸਾਹਿਬਾਨ ਵੱਲੋਂ ਬੱਚਿਆਂ ਨੂੰ ਸਾਈਬਰ ਕ੍ਰਾਈਮ, ਖੇਡਾਂ ਦੀ ਮਹੱਤਤਾ, ਅਡਵਾਸ ਟੈਕਨਾਲਜੀ ਤੇ ਲੈਕਚਰ ਦਿੱਤੇ ਗਏ।

## ਐਨ.ਸੀ.ਸੀ ਗਤੀਵਿਧੀਆਂ

ਸ੍ਰੀ ਗੁਰੂ ਤੇਗ ਬਹਾਦਰ ਕਾਲਜ, ਸਠਿਆਲਾ ਵਿਖੇ 2021-22 ਸੈਸ਼ਨ ਅਧੀਨ NCC ਯੂਨਿਟ ਦੀ ਸਥਾਪਨਾ ਕੀਤੀ ਗਈ। ਜਿਸਦੇ ਇੰਚਾਰਜ ਡਾ. (ਲੈਫ) ਹਰਸਿਮਰਨ ਕੌਰ ਹਨ। ਸਮੇਂ ਸਮੇਂ ਇਹਨਾਂ ਨੂੰ ਵਿਭਿੰਨ ਅਵਾਰਡਾਂ ਨਾਲ ਸਨਮਾਨਤ ਕੀਤਾ ਜਾ ਚੁੱਕਾ ਹੈ ਜਿਨ੍ਹਾਂ ਵਿੱਚ ਬੈਸਟ ਕੇਅਰ ਟੇਕਰ ਅਵਾਰਡ, ਏ.ਐਨ.ਉ. ਅਵਾਰਡ ਅਤੇ ਵਿਭਿੰਨ ਪ੍ਰਸ਼ੰਸਾ ਪੱਤਰ ਤੋਂ ਇਲਾਵਾ 2020 ਵਿੱਚ ਡੀ.ਜੀ. ਐਨ.ਸੀ.ਸੀ. ਅਵਾਰਡ ਵੀ ਮਿਲਿਆ ਹੈ।

1. ਆਜ਼ਾਦੀ ਦੇ 75ਵੇ ਮਹਾਉਤਸਵ ਅਧੀਨ  ਦੇਸ਼ਭਗਤਾਂ ਦੀ ਜੀਵਨੀ ਤੇ ਫਲਸਫ਼ੇ ਨਾਲ ਸੰਬੰਧਿਤ ਵਿਦਿਆਰਥੀਆਂ ਦੇ ਲੈਕਚਰ ਕਰਵਾਏ ਗਏ।
2. ਸਠਿਆਲਾ ਕਾਲਜ ਦੇ ਬਾਨੀ ਬਾਬਾ ਬੁੱਧ ਸਿੰਘ ਜੀ ਦਾ ਬੁੱਤ ਵਿਦਿਆਰਥੀਆਂ ਵੱਲੋਂ ਸਾਫ ਕੀਤਾ ਗਿਆ ਅਤੇ ਉਹਨਾਂ ਨੂੰ ਕਾਲਜ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ ਗਿਆ।
3. ਬਿਪੀਨ ਰਾਵਤ ਨੂੰ ਸ਼ਰਧਾਂਜਲੀ ਦੇਣ ਦੇ ਮਕਸਦ ਨਾਲ ਸਮਾਰੋਹ ਕਰਵਾਇਆ ਗਿਆ।
4. ਕਾਲਜ ਦੇ ਵਲੰਟੀਅਰ ਮੈਂਬਰਾਂ ਵਲੋਂ ਮਜਦੂਰ ਦਿਵਸ ਤੇ ਝੁੱਗੀਆਂ ਝੌਂਪੜੀਆਂ ਦਾ ਦੌਰਾ ਕੀਤਾ ਗਿਆ ਅਤੇ ਉਹਨਾਂ ਨੂੰ ਖਾਣ ਪੀਣ ਦਾ ਸਮਾਨ ਮੁੱਹਈਆ ਕਰਵਾਇਆ ਗਿਆ।
5. ਦੇਸ਼ ਭਗਤੀ ਗਾਇਣ ਮੁਕਾਬਲੇ ਕਰਵਾਏ ਗਏ।

# COLLEGE ALUMNI STARS


S. Bakhtawar Singh
IAS


S. Harbans Singh Ghai
PCS


S. Sakatar Singh Bal
PCS


Prof. Jagroop Singh Sekhon
Guru Nanak Dev University


Prof. Sarabjinder Singh
Punjabi University, Patiala


Prof. Harbhajan Singh Bal
Principal Govt. College


Prof. Nirmal Singh
Govt. College


Prof. Dalbir Singh Malhi
Govt. College


Prof. Joginder Singh Malhi
Govt. College

# COLLEGE EDUCATIONAL AND CULTURAL ACTIVITIES





Seminar on Thalassemia


Lecture on Women Empowerment


Homage to Bipin Rawat


Statue cleanliness


Nukkad Natak on Punjabi Language


Sri Sukhmani Sahib Path


Youth Festival



Modelling Competition



Baisakhi Mela



Human Rights Day


Farewell Party


Poster Making Competition


Diwali Celebration

# COLLEGE IN NEWS



ਝੁੱਗੀਆਂ ਦਾ ਦੌਰਾ ਕਰਨ ਉਪਰੰਤ ਇੰਚਾਰਜ ਡਾ. (ਲੈਫ) ਹਰਸਿਮਰਨ ਕੌਰ, ਅਧਿਆਪਕ ਤੇ ਵਿਦਿਆਰਥੀ।

## ਗਤੀਵਿਧੀਆਂ ਕਰਵਾਉਣ ਲਈ ਤੱਤਪਰ

ਸਤਨਾਮ ਨਰੰਗਪੁਰੀ, ਬੁਤਾਲਾ

ਹਰਸਿਮਰਨ ਕੌਰ ਨੇ ਵਿਦਿਆਰਥੀਆਂ

## ਦੇਸ਼ ਭਗਤਾਂ ਨਾਲ ਸਬੰਧਿਤ ਲੈਕਚਰ ਕਰਵਾ



ਸ੍ਰੀ ਗੁਰੂ ਤੇਗ ਬਹਾਦਰ ਕਾਲਜ ਸਠਿਆਲਾ ਵਿਖੇ ਵਿਦਿਆਰਥੀਆਂ ਨਾਲ ਇੰਚਾਰਜ ਡਾ. (ਲੈਫ) ਹਰਸਿਮਰਨ ਕੌਰ ਤੇ ਹੋਰ।



ਪਾਂਚਵੇਂ ਸਮੈਸਟਰ ਮੇਂ ਗੁਰਸਾਹਿਬਜੀਤ ਸਿੰਹ, ਅਮਨਦੀਪ ਕੌਰ ਵ ਕੋਮਲਪ੍ਰੀਤ ਕੌਰ ਅਵਲ ਆਨੇ ਵਾਲੇ ਵਿਦਿਆਰਥਿਯੋਂ ਕੀ ਤਸਵੀਰੇਂ।

## सठियाला कालेज के विद्यार्थी बी.सी.ए. समैस्टर पांचवें में अव्वल रहे



ਸ੍ਰੀ ਗੁਰੂ ਤੇਗ ਬਹਾਦਰ ਕਾਲਜ ਸਠਿਆਲਾ ਵਿਖੇ ਓ.ਐਸ.ਡੀ. ਡਾ. ਕੇ ਸਿੰਘ ਜ਼ੋਨਲ ਯੂਥ ਫੈਸਟੀਵਲ 'ਚ ਵਿਦਿਆਰਥੀਆਂ ਵਲੋਂ ਮੱਲਾਂ ਮਾਰਨ ਬਾਰੇ ਦੱਸਦੇ ਹੋਏ ਨਾਲ ਪ੍ਰੋ. ਸਤਬੀਰ ਸਿੰਘ ਮੱਤੇਵਾਲ ਤੇ ਸਟਾਫ। ਤਸਵੀਰ : ਸਫਰੀ

## ਸ੍ਰੀ ਗੁਰੂ ਤੇਗ ਬਹਾਦਰ ਕਾਲਜ ਨੇ ਜ਼ੋਨਲ ਯੂਥ ਫੈਸਟੀਵਲ 'ਚ ਮਾਰੀਆਂ ਮੱਲਾਂ



ਬੀ.ਐਸ.ਸੀ ਨਾਨ ਮੈਡੀਕਲ 'ਚ ਵਧੀਆ ਸਥਾਨ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ।

## ਬੀ.ਐਸ.ਸੀ ਨਾਨ ਮੈਡੀਕਲ ਪ੍ਰੀਖਿਆ 'ਚੋਂ ਕਾਲਜ ਸਠਿਆਲਾ ਦੀਆਂ ਵਿਦਿਆਰਥਣਾਂ ਨੇ ਮਾਰੀਆਂ ਮੱਲਾਂ

### ਸਠਿਆਲਾ ਕਾਲਜ ਵਿਖੇ ਖੂਨਦਾਨ ਕੈਂਪ ਲਗਾਇਆ।



## ਆਵਾਜ਼-ਏ-ਪੰਜਾਬ

### 75ਵਾਂ ਆਜ਼ਾਦੀ ਦਾ ਅੰਮ੍ਰਿਤ ਮਹਾਉਤਸਵ ਅਧੀਨ ਗ਼ਰੀਬ ਲੋਕਾਂ ਦੀਆਂ ਝੁੱਗੀਆਂ ਦਾ ਦੌਰਾ



ਭਾਸ਼ਣ ਪ੍ਰਤੀਯੋਗਤਾ ਦੇ ਵੱਖ-ਵੱਖ ਕਾਲਜਾਂ ਦੇ ਜੇਤੂ ਵਿਦਿਆਰਥੀ। ਤਸਵੀਰਾਂ : ਸਫਰੀ

## ਸਠਿਆਲਾ ਕਾਲਜ 'ਚ ਵੱਖ-ਵੱਖ ਕਾਲਜਾਂ ਦੇ ਭਾਸ਼ਨ ਮੁਕਾਬਲੇ ਹੋਏ

ਸਠਿਆਲਾ, 4 ਜੂਨ (ਸਫਰੀ)-ਸ੍ਰੀ ਗੁਰੂ ਤੇਗ ਬਹਾਦਰ ਕਾਲਜ ਸਠਿਆਲਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਨੂੰ ਸਮਰਪਿਤ ਭਾਸ਼ਣ ਪ੍ਰਤੀਯੋਗਤਾ ਕਰਵਾਈ ਗਈ, ਜਿਸ ਵਿਚ 21 ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਵਲੋਂ ਭਾਗ ਲਿਆ ਗਿਆ। ... ਕ੍ਰਿਤਿਕਾ ਯਾਦਵ ਨੇ ਪਹਿਲਾ ਸਥਾਨ ਹਾਸਿਲ ਕੀਤਾ ਹੈ ਤੇ ਦੂਸਰਾ ਸਥਾਨ ... ਖਾਲਸਾ ਕਾਲਜ ਜਲੰਧਰ ਦੀ ... ਕੰਨਿਆ ਕਾਲਜ ਕਪੂਰਥਲਾ ਦੇ ... ਨੇ ਦੂਜਾ ਸਥਾਨ ਹਾਸਿਲ ਕੀਤਾ ਹੈ, ਜਦ ਕਿ ਮਾਤਾ ਗੁਜਰੀ ਖਾਲਸਾ ਕਾਲਜ ਕਰਤਾਰਪੁਰ ਦੀ ਹਰਮਨਪ੍ਰੀਤ ਕੌਰ ... ਸਥਾਨ 'ਤੇ ਰਹੀ। ਇਸ ਮੌਕੇ 'ਤੇ ਜੇਤੂ ਵਿਦਿਆਰਥੀਆਂ ਨੂੰ ਗੁਰੂ ਤੇਗ ਬਹਾਦਰ ਕਾਲਜ ਸਠਿਆਲਾ ਦੇ ਓ. ਐਸ. ਡੀ. ...

RAI MOVIES



ਕਾਲਜ ਸਠਿਆਲਾ ਵਿਖੇ ਡਾ. (ਲੈਫ) ਹਰਸਿਮਰਨ ਕੌਰ ਭਾਰਤ ਸਰਕਾਰ ਵਲੋਂ ਆਜ਼ਾਦੀ ਦੇ 75ਵੇਂ ਮਹਾਂ ਉਤਸਵ ਨੂੰ ਸਮਰਪਿਤ ਸਫਾਈ ਮੁਹਿੰਮ ਬਾਰੇ ਦੱਸਦੇ ਹੋਏ ਨਾਲ ਸਟਾਫ। ਤਸਵੀਰ : ਸਫਰੀ

## ਸਠਿਆਲਾ ਕਾਲਜ ਵਿਖੇ ਬਾਬਾ ਬੁੱਧ ਸਿੰਘ ਦੇ ਬੁੱਤ ਦੀ ਸਫਾਈ

...9 ਅਪ੍ਰੈਲ (ਸਫਰੀ) - ...ਵ ਯੂਨੀਵਰਸਿਟੀ ...ਨ ਚੱਲ ਰਹੇ ਕਾਲਜ ...ਰ ਸਠਿਆਲਾ ਵਿਖੇ ... 75ਵੇਂ ਆਜ਼ਾਦੀ ਦੇ ...ਮਰਪਿਤ ਹਫਤਾਵਾਰ ... ਕੀਤੀਆਂ ਗਈਆਂ ...ਬੀ ਵਿਭਾਗ ਦੇ ਡਾ. ...ਰ ਨੇ ਦੱਸਿਆ ਹੈ ਕਿ ... ਵੀ.ਕੇ. ਸਿੰਘ ਦੀ ਅਗਵਾਈ ਹੇਠ ਸ੍ਰੀ ਗੁਰੂ ਤੇਗ ਬਹਾਦਰ ਸਠਿਆਲਾ ਦੇ ਬਾਨੀ ਬਾਬਾ ਬੁੱਧ ਸਿੰਘ ਦੇ ਬੁੱਤ ਅਤੇ ਆਲੇ ਦੁਆਲੇ ਦੀ ਸਫਾਈ ਕੀਤੀ ਗਈ। ਇਸ ਮੌਕੇ ਤੇ ਡਾ. ( ਲੈਫ ਹਰਸਿਮਰਨ ਕੌਰ ਨੇ ਵਿਦਿਆਰਥੀਆਂ ਨੂੰ ਕਾਲਜ ਦੇ ਪਿਛੋਕੜ ਬਾਰੇ ਜਾਣੂ ਕਰਵਾਇਆ ਗਿਆ। ਇਸ ਮੌਕੇ ਤੇ ਪ੍ਰੋ ਕਰਮਬੀਰ ਸਿੰਘ ਅੰਗਰੇਜ਼ੀ ਵਿਭਾਗ, ਪ੍ਰੋ ਹੀਰਾ ਲਾਲ ਕਾਮਰਸ, ਪ੍ਰੋ ਰਾਬੀਆ ਅੰਗ੍ਰੇਜ਼ ਮੈਥ ਵਿਭਾਗ ਆਦਿ ਹਾਜ਼ਰ ਸਨ।



### ਸਠਿਆਲਾ ਕਾਲਜ ਵਿਖੇ ਵਿਦਿਆਰਥੀ ਮਾਪੇ ਅਧਿਆਪਕ ਮਿਲਣੀ ਕਰਵਾਈ ਗਈ



...ਵਲ ਆਉਣ ਵਾਲੇ ਵਿਦਿਆਰਥੀ। ਤਸਵੀਰ : ਸਫਰੀ

## ...ਠਿਆਲਾ ਕਾਲਜ ਦੇ ਬੀ.ਸੀ.ਏ ਸਮੈਸਟਰ ਪਹਿਲਾ ਦਾ ਨਤੀਜਾ ਸ਼ਾਨਦਾਰ ਰਿਹਾ





ਸ੍ਰੀ ਗੁਰੂ ਤੇਗ ਬਹਾਦਰ ਕਾਲਜ ਸਠਿਆਲਾ ਦੇ ਆਨਲਾਈਨ ਪੋਸਟਰ ਮੁਕਾਬਲਿਆਂ 'ਚ ਜੇਤੂ ਵਿਦਿਆਰਥੀ ਤਿਆਰੀ ਦੇ ਹਟੇ। ਤਸਵੀਰ : ਸਫਰੀ

## ਕਾਲਜ ਸਠਿਆਲਾ 'ਚ 'ਮਿਸ਼ਨ ਫਤਿਹ' ਤਹਿਤ ਆਨਲਾਈਨ ਪੋਸਟਰ ਮੁਕਾਬਲੇ

# GEMS OF COLLEGE



| | | | | | |
|---|---|---|---|---|---|
| **Manpreet Kaur**<br>BCA Sem I (79.75%) | **Rubandeep Kaur**<br>BCA Sem I (79.5%) | **Sukhdeep Kaur**<br>BCA Sem I (78.25%) | **Tarandeep Kaur**<br>BCA Sem III (86%) | **Arshdeep Kaur**<br>BCA Sem III (84.81%) | **Akashdeep Singh**<br>BCA Sem III (81.72%) |



| | | | | | |
|---|---|---|---|---|---|
| **Abhishek**<br>BCA Sem V (77.47%) | **Pooja Rani**<br>BCA Sem V (77.42%) | **Saffronjot Kaur**<br>BCA Sem V (76.42%) | **Harsimran Kaur**<br>B.Com Sem I (78%) | **Harpreet Singh**<br>B.Com Sem I (74.85%) | **Kamaljeet Kaur**<br>B.Com Sem I (74%) |




| | | | | | |
|---|---|---|---|---|---|
| **Ritika**<br>B.Com Sem III (80.66%) | **Simranjot Kaur**<br>B.Com Sem III (78.66%) | **Simran Kaur**<br>B.Com Sem III (77.04%) | **Jashanpreet Kaur**<br>B.Com Sem V (73.54%) | **Kiranjot Kaur**<br>B.Com Sem V (71.37%) | **Anjali**<br>B.Com Sem V (70%) |



| | | | | | | |
|---|---|---|---|---|---|---|
| **Jasdeep Kaur**<br>B.Sc. Sem I (82.5%) | **Arshdeep Kaur**<br>B.Sc. Sem I (81.7%) | **Bikramjeet Singh**<br>B.Sc. Sem I (80%) | **Kirandeep Kaur**<br>B.Sc. Sem III (77.4%) | **Pooja**<br>B.Sc. Sem III (75%) | **Jasleen Kaur**<br>B.Sc. Sem III (74.8%) | **Sweety**<br>B.Sc. Sem V (77.2%) |




| | | | | | | |
|---|---|---|---|---|---|---|
| **Parneet Kaur**<br>B.Sc. Sem V (76.5%) | **Rohanpreet Kaur**<br>B.Sc. Sem V (76.2%) | **Devinderjit Kaur**<br>B.A. Sem V (73.65%) | **Babalpreet Kaur**<br>B.A. Sem V (71.70%) | **Varinder Kaur**<br>B.A. Sem V (71.15%) | **Simrandeep Kaur**<br>B.A. Sem I (79.5%) | **Simran Kaur**<br>B.A. Sem I (79.5%) |



| | | | | | | |
|---|---|---|---|---|---|---|
| **Yadwinder Kaur**<br>B.A. Sem I (76.5%) | **Komalpreet Kaur**<br>B.A. Sem I (76.5%) | **Shurkhabpreet Singh**<br>B.A. Sem I (76.5%) | **Navopreet Kaur**<br>B.A. Sem I (76%) | **Baljinder Kaur**<br>B.A. Sem III (71%) | **Jindpreet Singh**<br>B.A. Sem III (67.66%) | **Damanpreet Singh**<br>B.A. Sem III (67.58%) |









# Sri Guru Teg Bahadur College

SATHIALA, AMRITSAR
Mob.: 98155-17060 (Office) : 98883-16699, 98553-19252
osd.sathiala@gndu.ac.in